# ਜਮਾਤ ਦਸਵੀਂ

# ਪੰਜਾਬੀ

# ਪ੍ਰਸ਼ਨ ਬੈਂਕ 2009-2010

## 'ਤਿਆਰ ਕਰਨ ਵਾਲੀ ਟੀਮ'

| | | |
|---|---|---|
| 1. | **ਸ੍ਰੀਮਾਨ ਡੀ.ਸੀ. ਭਟੇਜਾ** | **ਪੰਜਾਬੀ ਅਧਿਆਪਕ**<br>ਗੌ. ਗ. ਸੀ. ਸੈ. ਸਕੂਲ<br>ਡੀ. ਡੀ. ਏ. ਫ਼ੇਸ-2 ਕਾਲਕਾ ਜੀ<br>ਨਵੀਂ ਦਿੱਲੀ-19 |
| 2. | **ਸ੍ਰੀਮਾਨ ਜਗਮੋਹਣ ਸਿੰਘ** | **ਪੰਜਾਬੀ ਅਧਿਆਪਕ**<br>ਗੌ. ਬੁ. ਸੀ. ਸੈ. ਸਕੂਲ<br>ਸੀ. ਆਰ. ਪਾਰਕ, ਨਵੀ ਦਿੱਲੀ-19 |
| 3. | **ਸ੍ਰੀਮਤੀ ਸਤਨਾਮ ਕੌਰ** | **ਪੰਜਾਬੀ ਅਧਿਆਪਕਾ**<br>ਗੌ. ਬੁ. ਸੀ. ਸੈ. ਸਕੂਲ<br>ਡੀ. ਡੀ. ਏ. ਫ਼ੇਸ-2 ਕਾਲਕਾ ਜੀ<br>ਨਵੀਂ ਦਿੱਲੀ-19 |
| 4. | **ਸ੍ਰੀਮਾਨ ਨਾਨਕ ਸਿੰਘ** | **ਪੰਜਾਬੀ ਅਧਿਆਪਕ**<br>ਗੌ. ਬ. ਸੀ. ਸੈ. ਸਕੂਲ<br>ਜੀ. ਟੀ. ਰੋਡ ਸ਼ਾਹਦਰਾ, ਦਿੱਲੀ-32 |
| 5. | **ਸ੍ਰੀਮਾਨ ਸੋਮ ਪ੍ਰਕਾਸ਼** | **ਪੰਜਾਬੀ ਅਧਿਆਪਕ**<br>ਗੌ. ਸ. ਬਾ. ਵਿ.<br>ਸੀ-ਬਲਾਕ, ਦਿਲਸ਼ਾਦ ਗਾਰਡਨ<br>ਦਿੱਲੀ-110095 |

# ਜਮਾਤ - ਦਸਵੀਂ

# ਪਾਠ ਕ੍ਰਮ (ਪੰਜਾਬੀ)

**ਸਮਾਂ : 3 ਘੰਟੇ** **ਕੁੱਲ ਅੰਕ : 100**

## ਭਾਗ - ੳ

| | | |
|---|---|---|
| ੳ. | ਵਿਆਕਰਨ | |
| 1. | ਸ਼ਬਦ, ਰਚਨਾ, ਅਗੇਤਰ, ਪਿਛੇਤਰ ਅਤੇ ਸਮਾਸੀ ਸ਼ਬਦ | 3 |
| 2. | ਪਦ-ਵੰਡ | 3 |
| 3. | ਸ਼ਬਦ-ਸ਼ੁੱਧੀ ਅਤੇ ਵਾਕ-ਸ਼ੁੱਧੀ | 3 |
| 4. | ਵਾਕ ਵਟਾਂਦਰਾ | 3 |
| 5. | ਵਿਸ਼ਰਾਮ ਚਿੰਨ੍ਹ | 3 |
| ਅ. | ਮੁਹਾਵਰੇ ਅਤੇ ਅਖਾਣ | 5 |
| ੲ. | ਲੇਖ-ਰਚਨਾ (ਵਿਚਾਰ ਪ੍ਰਧਾਨ) | 12 |
| ਸ. | ਪੱਤਰ-ਰਚਨਾ (ਦਫ਼ਤਰੀ ਅਤੇ ਵਪਾਰਕ) | 8 |
| ਹ. | ਸੰਖੇਪ-ਰਚਨਾ ਸਿਰਲੇਖ ਸਹਿਤ | 10 |

## ਭਾਗ - ਅ

## ਪੁਸਤਕਾਂ

| | | |
|---|---|---|
| 1. | ਸਾਹਿਤ ਦੀਪਿਕਾ | 25 |
| 2. | ਸਾਹਿਤਕ ਵੰਨਗੀਆਂ | 25 |

ਉਪਰੋਕਤ ਦੋਵਾਂ ਹਿਸਿਆਂ ਦੇ ਅੰਕ ਇਸ ਤਰ੍ਹਾਂ ਵੰਡੇ ਹੋਣਗੇ

## ਭਾਗ - ੳ

| | | |
|---|---|---|
| ੳ. | ਵਿਆਕਰਨ | |
| 1. | (ੳ) ਅਗੇਤਰ | 1 |
| | (ਅ) ਪਿਛੇਤਰ | 1 |

(ੲ) ਸਮਾਸੀ ਸ਼ਬਦ 1

2. ਪਦ - ਵੰਡ 3

3. (ੳ) ਸ਼ਬਦ-ਸ਼ੁੱਧੀ 3

(ਅ) ਵਾਕ-ਸ਼ੁੱਧੀ

4. ਵਾਕ ਵਟਾਂਦਰਾ 3

5. ਵਿਸ਼ਰਾਮ ਚਿੰਨ੍ਹ 3

## ਅ.

1. ਮੁਹਾਵਰੇ 3

2. ਅਖਾਣ 2

## ੲ.

ਲੇਖ (ਵਿਚਾਰ ਪ੍ਰਧਾਨ) 12

## ਸ.

ਪੱਤਰ-ਰਚਨਾ (ਵਪਾਰਕ ਅਤੇ ਦਫ਼ਤਰੀ) 8

## ਹ.

1. ਸੰਖੇਪ ਰਚਨਾ 8

2. ਸਿਰਲੇਖ 2

# ਭਾਗ - ਅ

## ਪਾਠ - ਪੁਸਤਕਾਂ

## ਸਾਹਿਤ ਦੀਪਿਕਾ

1. ਵਾਰਤਕ

ੳ. ਇੱਕ ਛੋਟਾ ਪ੍ਰਸ਼ਨ (ਉੱਤਰ ਇੱਕ ਵਾਕ ਵਿੱਚ) 1

ਅ. ਦੋ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ) 4

ੲ. ਇੱਕ ਵੱਡਾ ਪ੍ਰਸ਼ਨ (ਉੱਤਰ 100-125 ਸ਼ਬਦਾਂ ਵਿੱਚ) 5

2. ਕਵਿਤਾ

ੳ. ਤਿੰਨ ਛੋਟੇ ਪ੍ਰਸ਼ਨ (ਉੱਤਰ ਇੱਕ ਵਾਕ ਵਿੱਚ) 3

ਅ. ਇੱਕ ਪ੍ਰਸ਼ਨ (ਉੱਤਰ 40-50 ਸ਼ਬਦਾਂ ਵਿੱਚ) 2

ੲ. ਦੋ ਕਾਵਿ-ਬੰਦਾਂ ਦੇ ਆਧਾਰ ਉੱਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ 10

## ਸਾਹਿਤਕ ਵੰਨਗੀਆਂ

## 1. ਇਕਾਂਗੀ

ਇੱਕ ਵੱਡਾ ਪ੍ਰਸ਼ਨ ਵਿਸ਼ਾ-ਵਸਤੂ ਪਲਾਟ ਸਿਰਲੇਖ ਪਾਤਰ-ਚਿਤਰਨ, ਉਦੇਸ਼ ਉੱਤੇ ਅਧਾਰਤ (ਉੱਤਰ 100-125 ਸ਼ਬਦਾਂ ਵਿੱਚ) 5

2. ਨਿੱਕੀ ਕਹਾਣੀ

ੳ. ਕਥਾ ਅੰਸ਼ (ਪੈਰ੍ਹੇ) ਤੇ ਅਧਾਰਤ ਪ੍ਰਸ਼ਨ 4

ਅ. ਦੋ ਪ੍ਰਸ਼ਨ ਉੱਤਰ 40-50 ਸ਼ਬਦਾਂ ਵਿੱਚ 4

ੲ. ਦੋ ਛੋਟੇ ਪ੍ਰਸ਼ਨ ਉੱਤਰ ਇੱਕ ਵਾਕ ਵਿੱਚ 2

3. ਜੀਵਨੀ

ੳ. ਦੋ ਛੋਟੇ ਪ੍ਰਸ਼ਨ (ਉੱਤਰ ਇੱਕ ਵਾਕ ਵਿੱਚ) 2

ਅ. ਚਾਰ ਪ੍ਰਸ਼ਨ ਉੱਤਰ 40-50 ਸ਼ਬਦਾਂ ਵਿੱਚ 8

# ਭਾਗ - ੳ

## ਅਗੇਤਰ ਲਾ ਕੇ ਸ਼ਬਦ ਬਣਾਓ

ਉਪ - ਉਪਕਾਰ, ਉਪ ਕਥਨ, ਉਪਦੇਸ਼

ਅਣ - ਅਣਥੱਕ, ਅਣਹੋਣੀ, ਅਣਗਿਣਤ

ਅਧ - ਅਧਰੰਗ, ਅਧਵਾਟੇ

ਅਨ - ਅਨਹਦ, ਅਨਬੋਲ, ਅਨਮਤ

ਅਪ - ਅਪਘਾਤ, ਅਪਕਾਜ, ਅਪਸਵਾਰਥ

ਅਵ - ਅੱਵਲ, ਅਵਗਤ, ਅਵਗੁਣ

ਸਹਿ - ਸਹਿਯੋਗ, ਸਹਿਚਾਰ, ਸਹਿਮਤ

ਸਬ - ਸਬ-ਜੱਜ, ਸਬ-ਕਮੇਟੀ, ਸਬ-ਐਡੀਟਰ

ਸਮ - ਸਮਕਾਲੀ, ਸਮਮਾਪ, ਸਮਤਲ

ਸਰ - ਸਰਪੰਚ, ਸਰਦਾਰ, ਸਰਖੰਡ

ਸ੍ਵੈ - ਸ੍ਵੈਜੀਵਨ, ਸ੍ਵੈਮਾਨ, ਸ੍ਵੈਧਰਮ

ਕਮ - ਕਮਜ਼ੋਰ, ਕਮਅਕਲ, ਕਮਦਿਲੀ

ਸਾ - ਸਾਕਾਰ, ਸਾਚਾਰ, ਸਾਖਿਆਤ

ਹਮ - ਹਮਉਮਰ, ਹਮਰਾਜ, ਹਮਦਰਦ

ਖ਼ੁਸ਼ - ਖ਼ੁਸ਼ਬੋ, ਖ਼ੁਸ਼ਨਸੀਬ, ਖ਼ੁਸ਼ਦਿਲ

ਗ਼ੈਰ - ਗ਼ੈਰਹਾਜ਼ਰ, ਗ਼ੈਰਵਾਜਬ, ਗ਼ੈਰਕੌਮ

ਨਾ - ਨਾਚੀਜ਼, ਨਾਪਾਕ, ਨਾਮੁਰਾਦ

ਨਿ - ਨਿਸ਼ੰਗ, ਨਿਹੱਕ, ਨਿਆਸਰਾ

ਨਿਸ਼ - ਨਿਸ਼ਕਾਮ, ਨਿਸ਼ਦਿਨ, ਨਿਸ਼ਫ਼ਲ

ਨਿਰ - ਨਿਰਗੁਣ, ਨਿਰਵੈਰ, ਨਿਰਗਮ

ਪਟ - ਪਟਰਾਣੀ, ਪਟਵਾਰੀ, ਪਟਸਣ

ਪਰ - ਪਰਕਾਜ਼, ਪਰਘਰ, ਪਰਉਪਕਾਰ

ਪਰਮ - ਪਰਮਗੁਰੂ, ਪਰਮਤੱਤ, ਪਰਮਸੁੱਖ

ਪ੍ਰਤੀ - ਪ੍ਰਤੀਕਾਰ, ਪ੍ਰਤੀਬਿੰਬ, ਪ੍ਰਤੀਕੂਲ

ਪੜ - ਪੜਦਾਦਾ, ਪੜਪੋਤਾ, ਪੜਨਾਨਾ

ਬਦ - ਬਦਕਾਰ, ਬਦਨਾਮ, ਬਦਸ਼ਕਲ

ਬੇ - ਬੇਸਮਝ, ਬੇਸੁਆਦ, ਬੇਗੁਣਾ

ਮਹਾ - ਮਹਾਕਾਜ, ਮਹਾਗੁਰੂ, ਮਹਾਜਨ

## ਕਰਨ ਲਈ ਕੁੱਝ ਹੋਰ :-

1. ਉਨ
2. ਅ
3. ਅੰਤਰ
4. ਸ
5. ਸੰ
6. ਕੁ
7. ਚੁ
8. ਦੂ
9. ਪੁਨਰ
10. ਮਨ

# ਪਿਛੇਤਰ ਲਾ ਕੇ ਸ਼ਬਦ ਬਣਾਓ

ਊ - ਕਮਾਊ, ਖਾਊ, ਉਪਜਾਊ

ਆਕਲ - ਸ਼ਰਮਾਕਲ, ਡਰਾਕਲ, ਭਜਾਕਲ

ਆਲੂ - ਦਿਆਲੂ, ਸ਼ਰਧਾਲੂ, ਕਚਾਲੂ

ਆਰੀ - ਖਿਡਾਰੀ, ਲਿਖਾਰੀ, ਭਿਖਾਰੀ

ਆਣੀ - ਪੰਡਤਾਣੀ, ਖਤਰਾਣੀ, ਜੇਠਾਣੀ

ਆਈ - ਪੜ੍ਹਾਈ, ਲਿਖਾਈ, ਚਲਾਈ

ਆਵਟ - ਬਣਾਵਟ, ਸਜਾਵਟ, ਥਕਾਵਟ

ਆਨੀ - ਜਿਠਾਨੀ, ਮਸਰਾਨੀ, ਬਰਫ਼ਾਨੀ

ਆਂਤ - ਦੁਖਾਂਤ, ਸੁਖਾਂਤ, ਦਿਹਾਂਤ

ਈ - ਗੋਲਾਈ, ਸਫ਼ਾਈ, ਮੋਟਾਈ

ਈਲਾ - ਚਮਕੀਲਾ, ਰੰਗੀਲਾ, ਭੜਕੀਲਾ

ਈਨ - ਰੰਗੀਨ, ਮਲੀਨ, ਮਸਕੀਨ

ਇਆ - ਹੋਇਆ, ਹੱਸਿਆ, ਦੱਸਿਆ

ਸ਼ਾਲਾ - ਗਊਸ਼ਾਲਾ, ਪਾਠਸ਼ਾਲਾ, ਧਰਮਸ਼ਾਲਾ

ਹਾਰ - ਸਿਰਜਣਹਾਰ, ਬਖ਼ਸ਼ਣਹਾਰ

ਹੀਣ - ਬਲਹੀਣ, ਨੇਤਰਹੀਣ, ਬੁੱਧੀਹੀਣ

ਕਾਰ - ਟੀਕਾਕਾਰ, ਸ਼ਾਹੂਕਾਰ, ਕਹਾਣੀਕਾਰ

ਖ਼ਾਨਾ - ਜੇਲ੍ਹਖ਼ਾਨਾ, ਡਾਕਖ਼ਾਨਾ, ਕਾਰਖ਼ਾਨਾ

ਗਾਰ - ਮੱਦਦਗਾਰ, ਵੰਗਾਰ, ਲੰਗਾਰ

ਚੀ - ਤੋਪਚੀ, ਸੰਦੂਕਚੀ, ਖ਼ਜ਼ਾਨਚੀ

ਦਾਰ - ਰੰਗਦਾਰ, ਫੁੱਲਦਾਰ, ਸੂਬੇਦਾਰ

ਪਨ - ਮੂਰਖਪਨ, ਭੋਲਾਪਨ, ਬਚਪਨ

ਮਾਰ - ਗੜ੍ਹੇਮਾਰ, ਚਿੜ੍ਹੀਮਾਰ, ਚੂਹੇਮਾਰ

ਮਾਨ - ਤੇਜਮਾਨ, ਸ਼ਕਤੀਮਾਨ, ਸਵੈਮਾਨ

ਮੰਦ - ਦਰਦਮੰਦ ਅਕਲਮੰਦ, ਦੌਲਤਮੰਦ

## ਕਰਨ ਲਈ ਕੁੱਝ ਹੋਰ:-

1. ਅਈ
2. ਆਰਾ
3. ਈਆਂ
4. ਸ
5. ਸਾਰ
6. ਕਾਰੀ
7. ਗਰ
8. ਬਾਜ਼
9. ਵੰਦ
10. ਵਾਦ

## ਸਮਾਸੀ ਸ਼ਬਦ ਬਣਾਓ :-

| | | |
|---|---|---|
| 1. ਹਵਾ ਅਤੇ ਪਾਣੀ | - | ਹਵਾ-ਪਾਣੀ |
| 2. ਜਲ ਅਤੇ ਥਲ | - | ਜਲ-ਥਲ |
| 3. ਆਟਾ ਅਤੇ ਦਾਲ | - | ਆਟਾ-ਦਾਲ |
| 4. ਸਵੇਰ ਅਤੇ ਸ਼ਾਮ | - | ਸਵੇਰ-ਸ਼ਾਮ |
| 5. ਕਾਮ ਅਤੇ ਕ੍ਰੋਧ | - | ਕਾਮ-ਕ੍ਰੋਧ |
| 6. ਖੱਬਾ ਅਤੇ ਸੱਜਾ | - | ਖੱਬਾ-ਸੱਜਾ |
| 7. ਆਉਣ ਅਤੇ ਜਾਉਣ | - | ਆਉਣ-ਜਾਉਣ |
| 8. ਦਿਨ ਅਤੇ ਤਿਹਾਰ | - | ਦਿਨ-ਤਿਹਾਰ |
| 9. ਜਾਣੇ ਅਤੇ ਅਣਜਾਣੇ | - | ਜਾਣੇ-ਅਣਜਾਣੇ |
| 10. ਅਮੀਰ ਅਤੇ ਗਰੀਬ | - | ਅਮੀਰ-ਗਰੀਬ |
| 11. ਅੱਜ ਅਤੇ ਕੱਲ੍ਹ | - | ਅੱਜ-ਕੱਲ੍ਹ |
| 12. ਤਨ ਅਤੇ ਮਨ | - | ਤਨ-ਮਨ |
| 13. ਰਾਮ ਅਤੇ ਰਾਜ | - | ਰਾਮ-ਰਾਜ |
| 14. ਰੰਗ ਅਤੇ ਮਹਿਲ | - | ਰੰਗ-ਮਹਿਲ |
| 15. ਪੁੱਤਰ ਅਤੇ ਧੀ | - | ਪੁੱਤਰ-ਧੀ |

16. ਬੁਰਾ ਅਤੇ ਭਲਾ - ਬੁਰਾ-ਭਲਾ

17. ਭਾਰਤ ਦਾ ਰਤਨ - ਭਾਰਤ-ਰਤਨ

18. ਦੇਸ਼ ਦੀ ਭਗਤੀ - ਦੇਸ਼-ਭਗਤੀ

19. ਇੱਧਰ ਅਤੇ ਉੱਧਰ - ਇੱਧਰ-ਉੱਧਰ

20. ਪ੍ਰੇਮ ਅਤੇ ਪਿਆਰ - ਪ੍ਰੇਮ-ਪਿਆਰ

## ਕਰਨ ਲਈ ਕੁੱਝ ਹੋਰ :-

1. ਲਾਭ ਅਤੇ ਹਾਨੀ
2. ਜਨਮ ਅਤੇ ਮਰਨ
3. ਪਸ਼ੂ ਅਤੇ ਪੰਛੀ
4. ਦੇਸ ਅਤੇ ਵਿਦੇਸ
5. ਕੜਾਹ ਅਤੇ ਪੂਰੀ
6. ਬੇਨਤੀ ਲਈ ਪੱਤਰ
7. ਪੁਸਤਕਾਂ ਦੀ ਸੂਚੀ
8. ਰਾਮ ਅਤੇ ਰਹੀਮ
9. ਉੱਚਾ ਅਤੇ ਨੀਵਾਂ
10. ਜਮੀਨ ਅਤੇ ਅਸਮਾਨ

## ਪਦ-ਵੰਡ

## ਵਾਕ ਵਿੱਚੋਂ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ :-

1. ਮੋਹਨ ਸਕੂਲ ਜਾਂਦਾ ਹੈ।

   ਮੋਹਨ :- ਖਾਸ ਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸਧਾਰਨ ਰੂਪ, ਕਿਰਿਆ ਦਾ ਕਰਤਾ।

2. ਜਸਵਿੰਦਰ ਚੰਗਾ ਗਾਉਂਦੀ ਹੈ।

   ਜਸਵਿੰਦਰ :- ਖਾਸ ਨਾਂਵ, ਇਸਤਰੀ ਲਿੰਗ, ਇੱਕ ਵਚਨ, ਕਰਤਾ ਕਾਰਕ, ਸਧਾਰਨ ਰੂਪ, ਕਿਰਿਆ ਦਾ ਕਰਤਾ।

3. ਹਰਨਾਮ ਦੇ ਮਾਮਾ ਜੀ ਨੇ ਉਸ ਨੂੰ ਨਵਾਂ ਪੈਨੱ ਦਿੱਤਾ।

   ਹਰਨਾਮ :- ਖਾਸਨਾਂਵ, ਪੁਲਿੰਗ, ਇੱਕ ਵਚਨ, ਸੰਬੰਧਕੀ ਰੂਪ

   ਮਾਮਾ ਜੀ :- ਆਮ ਨਾਂਵ, ਪੁਲਿੰਗ, ਇਕੱ ਵਚਨ, ਕਰਤਾ ਕਾਰਕ, ਸੰਬਧਕ ਰੂਪ, "ਦਿੱਤਾ" ਕਿਰਿਆ ਦਾ ਕਰਤਾ

   ਪੈਨੱ :- ਆਮ ਨਾਂਵ, ਪੁਲਿੰਗ, ਇੱਕ ਵਚਨ, ਕਰਮਕਾਰਕ, ਸਧਾਰਨ ਕਾਰਕ ਰੂਪ "ਦਿੱਤਾ"

ਕਿਰਿਆ ਦਾ ਕਰਮ।

4. ਸ਼ਾਮ ਚਿੱਠੀ ਲਿਖ ਰਿਹਾ ਹੈ।

ਸ਼ਾਮ :- ਖਾਸ ਨਾਂਵ, ਪੁਲਿੰਗ, ਇੱਕ ਵਚਨ, ਕਰਤਾ ਕਾਰਕ, ਸਧਾਰਨ ਰੂਪ, "ਲਿਖ ਰਿਹਾ ਹੈ" ਕਿਰਿਆ ਦਾ ਵਿਸਥਾਰ

ਚਿੱਠੀ :- ਆਮ ਨਾਂਵ, ਇਸਤਰੀ ਲਿੰਗ, ਇੱਕ ਵਚਨ, ਕਰਮ ਕਾਰਕ

5. ਰਾਮ ਪੁਸਤਕ ਪੜ੍ਹ ਰਿਹਾ ਹੈ।

ਰਾਮ :- ਖਾਸ ਨਾਂਵ, ਇੱਕ ਵਚਨ, ਪੁਲਿੰਗ, ਕਰਤਾ ਕਾਰਕ, ਸਾਧਾਰਣ, ਰੂਪ, ਕਿਰਿਆ 'ਪੜ੍ਹ ਰਿਹਾ' ਦਾ ਕਰਤਾ।

ਪੁਸਤਕ :- ਆਮ ਨਾਂਵ, ਇਸਤਰੀ ਲਿੰਗ, ਇੱਕ ਵਚਨ, ਕਰਮ ਕਾਰਕ, ਸਧਾਰਨ ਰੂਪ।

## ਕਰਨ ਲਈ ਕੁੱਝ ਹੋਰ :-

1. ਜਵਾਹਰ ਰੋਜ਼ ਸਵੇਰੇ ਕਸਰਤ ਕਰਦਾ ਹੈ।
2. ਹੀਰਾ ਹਮੇਸ਼ਾ ਖੁਸ਼ ਰਹਿੰਦਾ ਹੈ।
3. ਸਰਵੇਸ਼ ਨੇ ਪੁਸਤਕ ਰਾਮ ਨੂੰ ਦਿੱਤੀ।
4. ਰਾਜ ਕਮੀਜ਼ ਦੇ ਬਟਨ ਬੰਦ ਕਰ ਰਿਹਾ ਹੈ।
5. ਪ੍ਰਕਾਸ਼ ਸਿੰਘ ਪੱਤਰ ਲਿਖਦਾ ਹੈ।

## ਅਸ਼ੁੱਧ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:-

| | | |
|---|---|---|
| 1. ਅਸ਼ੁੱਧ ਵਾਕ | - | ਮੈਂ ਨੇ ਇਨਾਮ ਜਿੱਤਿਆ। |
| ਸ਼ੁੱਧ ਵਾਕ | - | ਮੈਂ ਇਨਾਮ ਜਿੱਤਿਆ। |
| 2. ਅਸ਼ੁੱਧ ਵਾਕ | - | ਲੜਕਾ ਨੇ ਰੋਟੀ ਖਾਧੀ। |
| ਸ਼ੁੱਧ ਵਾਕ | - | ਲੜਕੇ ਨੇ ਰੋਟੀ ਖਾਧੀ। |
| 3. ਅਸ਼ੁੱਧ ਵਾਕ | - | ਗਰੀਬ ਸਤਾਉਣਾ ਪਾਪ ਹੈ। |
| ਸ਼ੁੱਧ ਵਾਕ | - | ਗ਼ਰੀਬ ਨੂੰ ਸਤਾਉਣਾ ਪਾਪ ਹੈ। |
| 4. ਅਸ਼ੁੱਧ ਵਾਕ | - | ਤੂੰ, ਉਹ ਤੇ ਮੈਂ ਇਕੱਠਾ ਖੇਡਾਂਗੇ। |
| ਸ਼ੁੱਧ ਵਾਕ | - | ਤੂੰ, ਉਹ ਤੇ ਮੈਂ ਇਕੱਠੇ ਖੇਡਾਂਗੇ। |
| 5. ਅਸ਼ੁੱਧ ਵਾਕ | - | ਸ. ਭਗਤ ਸਿੰਘ ਸ਼ਹੀਦੇ-ਆਜ਼ਮ ਹੈ। |
| ਸ਼ੁੱਧ ਵਾਕ | - | ਸ. ਭਗਤ ਸਿੰਘ ਸ਼ਹੀਦੇ-ਆਜ਼ਮ ਹਨ। |
| 6. ਅਸ਼ੁੱਧ ਵਾਕ | - | ਵਾਹ ਮਜ਼ਾ ਆ ਗਿਆ। |
| ਸ਼ੁੱਧ ਵਾਕ | - | ਵਾਹ ! ਮਜ਼ਾ ਆ ਗਿਆ। |

| | | |
|---|---|---|
| 7. ਅਸ਼ੁੱਧ ਵਾਕ | - | ਤੁਸੀਂ ਅੱਜ ਦੇਰ ਨਾਲ ਕਿਉਂ ਆਏ ਹੋ। |
| ਸ਼ੁੱਧ ਵਾਕ | - | ਤੁਸੀਂ ਅੱਜ ਦੇਰ ਨਾਲ ਕਿਉਂ ਆਏ ਹੋ? |
| 8. ਅਸ਼ੁੱਧ ਵਾਕ | - | ਪੂਰਨਮਾਸੀ ਦਾ ਚੰਨ ਹੋਣਾ। |
| ਸ਼ੁੱਧ ਵਾਕ | - | ਈਦ ਦਾ ਚੰਨ ਹੋਣਾ। |
| 9. ਅਸ਼ੁੱਧ ਵਾਕ | - | ਕਵੀ ਨੇ ਕਵੀਤਾ ਲਿਖੀ। |
| ਸ਼ੁੱਧ ਵਾਕ | - | ਕਵੀ ਨੇ ਕਵਿਤਾ ਲਿਖੀ। |
| 10. ਅਸ਼ੁੱਧ ਵਾਕ | - | ਚੰਗਾ ਕੰਮ ਕਰੋ ਤੇ ਨਾਮ ਵਿਕਾਓ। |
| ਸ਼ੁੱਧ ਵਾਕ | - | ਚੰਗਾ ਕੰਮ ਕਰੋ ਤੇ ਨਾਮ ਕਮਾਓ। |

## ਕਰਨ ਲਈ ਕੁੱਝ ਹੋਰ:-

1. ਤੇਜ਼ ਚਲਦੀ ਹੈ ਬਹੁਤ ਕੁੜੀ।
2. ਕਾਸ਼ ਮੈਂ ਆਮੀਰ ਹੁੰਦਾ।
3. ਤੂੰ ਕੀ ਚਾਹੁੰਦਾ ਹੈ।
4. ਲੋਕ ਸੱਚ ਹੀ ਆਖਦੇ ਨੇ, ਕੁਵੇਲੇ ਦੀ ਨਮਾਜ਼ ਤੇ ਵੇਲੇ ਦੀਆਂ ਟੱਕਰਾਂ।
5. ਪਾਣੀ ਵਿੱਚੋਂ ਖੂਹ ਕੱਢੋ।

## ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:-

| | ਅਸ਼ੁੱਧ | - | ਸ਼ੁੱਧ |
|---|---|---|---|
| 1. | ਕੈਹਣਾ | - | ਕਹਿਣਾ |
| 2. | ਕਹਾਨੀ | - | ਕਹਾਣੀ |
| 3. | ਪ੍ਰਵਾਰ | - | ਪਰਿਵਾਰ |
| 4. | ਸੇਹਤ | - | ਸਿਹਤ |
| 5. | ਮੇਹਨਤ | - | ਮਿਹਨਤ |
| 6. | ਪਯਾਰ | - | ਪਿਆਰ |
| 7. | ਨੈਹਰੂ | - | ਨਹਿਰੂ |
| 8. | ਈਨਕ | - | ਐਨਕ |
| 9. | ਮਾਯਾ | - | ਮਾਇਆ |
| 10. | ਚਕ੍ਰ | - | ਚੱਕਰ |

## ਕਰਨ ਲਈ ਕੁੱਝ ਹੋਰ :-

## ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:-

1. ਅੰਬਰਸਰ
2. ਸ਼ਕਤਿ
3. ਯਾਤ੍ਰਾ
4. ਅਉਖਾ
5. ਬਿਆਹ

## ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ:-

1. ਨੀ ਕੁੜੀਏ ਕੀ ਕਰ ਰਹੀ ਹੈ।

   ਹੱਲ - ਨੀ ਕੁੜੀਏ ! ਕੀ ਕਰ ਰਹੀ ਹੈ?

2. ਕਾਸ਼ ਮੈਂ ਪੜ੍ਹਿਆ ਲਿਖਿਆ ਹੁੰਦਾ।

   ਹੱਲ - ਕਾਸ਼ ! ਮੈਂ ਪੜ੍ਹਿਆ-ਲਿਖਿਆ ਹੁੰਦਾ।

3. ਅਧਿਆਪਕ ਨੇ ਕਿਹਾ ਬੱਚਿਓ ਇਮਤਿਹਾਨ ਨੇੜੇ ਹੈ ਖ਼ੂਬ ਮਿਹਨਤ ਕਰੋ।

   ਹੱਲ - ਅਧਿਆਪਕ ਨੇ ਕਿਹਾ, "ਬੱਚਿਓ ! ਇਮਤਿਹਾਨ ਨੇੜੇ ਹੈ ਖ਼ੂਬ ਮਿਹਨਤ ਕਰੋ।"

4. ਹੇ ਵਾਹਿਗੁਰੂ ਤੇਰਾ ਸ਼ੁਕਰ ਹੈ।

   ਹੱਲ - ਹੇ ਵਾਹਿਗੁਰੂ ! ਤੇਰਾ ਸ਼ੁਕਰ ਹੈ।

5. ਤੁਹਾਡਾ ਨਾਂ ਕੀ ਹੈ

   ਹੱਲ - ਤੁਹਾਡਾ ਨਾਂ ਕੀ ਹੈ?

6. ਚੰਗਾ ਮੈਂ ਚੱਲਦਾ ਹਾਂ ਮੈਂ ਕੁਰਸੀ ਤੋਂ ਉੱਠਦੇ ਹੋਏ ਕਿਹਾ ਜਦੋਂ ਤੂੰ ਕੰਮ ਤੋਂ ਵਿਹਲਾ ਹੋ ਜਾਵੇਂਗਾ ਤਾਂ ਪਾਰਕ ਵਿੱਚ ਆ ਜਾਵੀਂ ਮੈਂ ਉੱਥੇ ਹੀ ਹੋਵਾਂਗਾ।

   ਹੱਲ -"ਚੰਗਾ ਮੈਂ ਚੱਲਦਾ ਹਾਂ" ਮੈਂ ਕੁਰਸੀ ਤੋਂ ਉੱਠਦੇ ਹੋਏ ਕਿਹਾ, "ਜਦੋ ਤੂੰ ਕੰਮ ਤੋਂ ਵਿਹਲਾ ਹੋ ਜਾਵੇਂਗਾ, ਤਾਂ ਪਾਰਕ ਵਿੱਚ ਆ ਜਾਵੀ, ਮੈਂ ਉੱਥੇ ਹੀ ਹੋਵਾਂਗਾ।"

## ਕਰਨ ਲਈ ਕੁੱਝ ਹੋਰ :-

1. ਅਧਿਆਪਕ ਨੇ ਮੋਹਨ ਨੂੰ ਕਿਹਾ ਖੜਾ ਹੋ ਤੂੰ ਅੱਜ ਦੇਰ ਕਰਕੇ ਕਿਉਂ ਆਇਆ ਹੈ।
2. ਬੇਅੰਤ ਸਿੰਘ ਨੇ ਕਿਹਾ ਸਾਥੀਓ ਕੀ ਤੁਸੀਂ ਮੇਰਾ ਸਾਥ ਦਿਓਗੇ।
3. ਆਹਾ ਮੈਂ ਪਾਸ ਹੋ ਗਈ।
4. ਤੁਸੀਂ ਕਿੱਥੇ ਰਹਿੰਦੇ ਹੋ।

5. ਨੰਦੂ ਤੇਰਾ ਕਿਸ ਤਰ੍ਹਾਂ ਦਿਲ ਕੀਤਾ ਆਪਣੀ ਮਾਂ ਨੂੰ ਏਥੇ ਆਉਣ ਤੇ ਦਿਲ ਤਾਂ ਨਹੀਂ ਕਰਦਾ ਸੀ ਪਰ ਨੌਕਰੀ ਜੁ ਕਰਨੀ ਹੋਈ ਉਸ ਨੇ ਜਵਾਬ ਦਿੱਤਾ।

# ਵਾਕ-ਵਟਾਂਦਰਾ

**ਹਾਂ-ਵਾਚਕ ਤੋਂ ਨਾਂਹ-ਵਾਚਕ ਵਾਕਾਂ ਦੀ ਤਬਦੀਲੀ :-**

1. ਹਾਂ-ਵਾਚਕ - ਜੇ ਮਿਹਨਤ ਕਰੋਗੇ ਤਾਂ ਸਫਲ ਹੋਵੇਗਾ।
   ਨਾਂਹ ਵਾਚਕ - ਜੇ ਮਿਹਨਤ ਨਹੀਂ ਕਰੋਗੇ ਤਾ ਸਫਲ ਨਹੀਂ ਹੋਵੇਗਾ।
2. ਹਾਂ ਵਾਚਕ - ਉਹ ਸਿਰਫ਼ ਤੁਹਾਡੇ ਤੇ ਵਿਸ਼ਵਾਸ ਕਰਦਾ ਹੈ ।
   ਨਾਂਹ ਵਾਚਕ - ਉਹ ਤੁਹਾਡੇ ਬਗੈਰ ਕਿਸੇ ਤੇ ਵਿਸ਼ਵਾਸ ਨਹੀਂ ਕਰਦਾ।
3. ਹਾਂ ਵਾਚਕ - ਜੇ ਤੁਸੀਂ ਜਲਦੀ ਕਰੋਗੇ ਤਾਂ ਹੀ ਗੱਡੀ ਪਕੜ ਸਕੋਗੇ।
   ਨਾਂਹ ਵਾਚਕ - ਜੇ ਤੁਸੀਂ ਜਲਦੀ ਨਹੀਂ ਕੀਤੀ ਤਾਂ ਗੱਡੀ ਨਹੀਂ ਪਕੜ ਸਕੋਗੇ।
4. ਹਾਂ ਵਾਚਕ - ਸਿਰਫ਼ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ।
   ਨਾਂਹ ਵਾਚਕ - ਮਾਂ ਤੋਂ ਬਿਨਾਂ ਬੱਚੇ ਨੂੰ ਕੋਈ ਨਹੀਂ ਪਾਲ ਸਕਦਾ।

## ਨਾਂਹ ਵਾਚਕ ਤੋਂ ਹਾਂ ਵਾਚਕ ਵਾਕ ਬਣਾਓ :-

1. ਨਾਂਹ ਵਾਚਕ - ਚੰਗੇ ਬੱਚੇ ਕਦੀ ਵੀ ਅਧਿਆਪਕ ਦਾ ਨਿਰਾਦਰ ਨਹੀਂ ਕਰਦੇ।
   ਹਾਂ ਵਾਚਕ - ਚੰਗੇ ਬੱਚੇ ਹਮੇਸ਼ਾਂ ਅਧਿਆਪਕ ਦਾ ਆਦਰ ਕਰਦੇ ਹਨ।
2. ਨਾਂਹ ਵਾਚਕ - ਭਾਰਤ ਕਿਸੇ ਦੇਸ ਦਾ ਦੁਸ਼ਮਣ ਨਹੀਂ ਹੈ।
   ਹਾਂ ਵਾਚਕ - ਭਾਰਤ ਸਭ ਦੇਸਾਂ ਦਾ ਦੋਸਤ ਹੈ।
3. ਨਾਂਹ ਵਾਚਕ - ਉਹ ਕਦੀ ਝੂਠ ਨਹੀਂ ਬੋਲਦਾ।
   ਹਾਂ ਵਾਚਕ - ਉਹ ਸਦਾ ਸੱਚ ਬੋਲਦਾ ਹੈ।

## ਸਧਾਰਨ ਵਾਕ ਤੋਂ ਸੰਜੁਕਤ ਵਾਕ ਬਣਾਓ :-

1. ਸਧਾਰਨ ਵਾਕ - ਉਸ ਨੇ ਅੱਡੇ ਤੇ ਪੁੱਜ ਕੇ ਬੱਸ ਪਕੜੀ।
   ਸੰਜੁਕਤ ਵਾਕ - ਉਹ ਅੱਡੇ ਤੇ ਪੁੱਜਿਆ ਅਤੇ ਬੱਸ ਪਕੜੀ।
2. ਸਧਾਰਨ ਵਾਕ - ਹੋਟਲ ਤੇ ਪੁੱਜ ਕੇ ਉਸ ਨੇ ਖਾਣਾ ਖਾਧਾ।
   ਸੰਜੁਕਤ ਵਾਕ - ਉਹ ਹੋਟਲ ਤੇ ਪੁੱਜਿਆ ਅਤੇ ਖਾਣਾ ਖਾਧਾ।

ਸਧਾਰਨ ਵਾਕ ਤੋਂ ਮਿਸ਼ਰਤ ਵਾਕ ਬਣਾਓ:-

1. ਸਧਾਰਨ ਵਾਕ -- ਮੈਂ ਇਸ ਸਾਲ ਬਾਰ੍ਹਵੀ ਪਾਸ ਕਰਨਾ ਚਾਹੁੰਦੀ ਹਾਂ।

ਮਿਸ਼ਰਤ ਵਕ - ਮੈਂ ਚਾਹੁੰਦੀ ਹਾਂ ਕਿ ਇਸ ਸਾਲ ਮੈਂ ਬਾਰ੍ਹਵੀ ਪਾਸ ਕਰ ਲਵਾਂ।

2. ਸਧਾਰਨ ਵਾਕ - ਚੰਗੇ ਨੰਬਰ ਲੈਣ ਲਈ ਰੱਜ ਕੇ ਮਿਹਨਤ ਕਰੋ।

ਮਿਸ਼ਰਤ ਵਾਕ - ਰੱਜ ਕੇ ਮਿਹਨਤ ਕਰੋ ਤਾਂਕਿ ਚੰਗੇ ਨੰਬਰ ਲੈ ਸਕੋ।

## ਕਰਤਰੀ ਵਾਚ ਤੋਂ ਕਰਮਨੀ ਵਾਚ :-

1. ਕਰਤਰੀ - ਅਨੀਤਾ ਕਿਤਾਬ ਪੜ੍ਹਦੀ ਹੈ।

ਕਰਮਨੀ - ਕਿਤਾਬ ਅਨੀਤਾ ਰਾਹੀਂ ਪੜ੍ਹੀ ਜਾਂਦੀ ਹੈ।

2. ਕਰਤਰੀ - ਰਾਮ ਨੇ ਸ਼ੀਸ਼ਾ ਤੋੜਿਆ।

ਕਰਮਨੀ - ਸ਼ੀਸ਼ਾ ਰਾਮ ਤੋਂ ਟੁੱਟਾ।

## ਕਰਨ ਲਈ ਕੁੱਝ ਹੋਰ :-

## ਹੇਠ ਲਿਖੀਆਂ ਹਦਾਇਤਾਂ ਅਨੁਸਾਰ ਵਾਕਾਂ ਨੂੰ ਬਦਲੋ:-

1. ਭਗਤ ਸਿੰਘ ਨੂੰ ਹਰ ਕੋਈ ਜਾਣਦਾ ਹੈ। (ਨਾਂਹ ਵਾਚਕ ਵਾਕ)
2. ਕਿਸੇ ਨਾਲ ਕੌੜਾ ਨਾ ਬੋਲੋ। (ਹਾਂ ਵਾਚਕ)
3. ਅਵਨਾਸ਼ ਰੋਟੀ ਪਕਾਉਂਦੀ ਹੈ। (ਕਰਮਨੀ)
4. ਉਹ ਜੂਆ ਖੇਡ ਕੇ ਕੰਗਾਲ ਹੋ ਗਿਆ। (ਸੰਜੁਕਤ ਵਾਕ)
5. ਕਰਨ ਵਾਲਾ ਸਦਾ ਭਰਦਾ ਹੈ। (ਮਿਸ਼ਰਤ ਵਾਕ)

## ਮੁਹਾਵਰਿਆਂ ਦੇ ਵਾਕ ਬਣਾਓ:-

1. ਅੱਖਾਂ ਤੇ ਬਿਠਾਉਣਾ :-(ਸਤਿਕਾਰ ਕਰਨਾ) ਪੰਡਿਤ ਜਵਾਹਰ ਲਾਲ ਨਹਿਰੂ ਜੀ ਨੂੰ ਸਾਰੇ ਭਾਰਤੀ ਅੱਖਾਂ ਉੱਤੇ ਬਿਠਾਉਂਦੇ ਹਨ।
2. ਅੱਖਾਂ ਲਾਲ ਕਰਨੀਆਂ :- (ਗੁੱਸਾ ਕਰਨਾ) ਪਿਤਾ ਜੀ ਵੱਲੋਂ ਅੱਖਾਂ ਲਾਲ ਕਰਨ ਤੇ ਉਹ ਘਰੋਂ ਨੱਸ ਗਿਆ।
3. ਕੰਨ ਭਰਨੇ :- (ਚੁਗਲੀਆਂ ਕਰਨੀਆਂ) ਰਾਮ ਨੇ ਸੁਰਿੰਦਰ ਦੇ ਕੰਨ ਭਰੇ ਤੇ ਉਸ ਨੇ ਮੇਰੇ ਨਾਲ ਲੜਾਈ ਕੀਤੀ।
4. ਗਲ ਪੈਣਾ :- (ਲੜਨਾ) ਨਿੱਕੀ-ਨਿੱਕੀ ਗੱਲ ਤੇ ਗਲ ਪੈ ਜਾਣਾ ਚੰਗੀ ਆਦਤ ਨਹੀਂ ਹੁੰਦੀ।
5. ਉੱਨੀ-ਇੱਕੀ ਦਾ ਫ਼ਰਕ :- (ਬਹੁਤ ਥੋੜ੍ਹਾ ਫ਼ਰਕ) ਰਾਮ ਅਤੇ ਸ਼ਾਮ ਦੀ ਉਮਰ ਵਿੱਚ ਉੱਨੀ-ਇੱਕੀ ਦਾ ਹੀ ਫ਼ਰਕ ਹੈ।

## ਕਰਨ ਲਈ ਕੁੱਝ ਹੋਰ :-

1. ਉਸਤਾਦੀ ਕਰਨੀ (ਚਲਾਕੀ ਕਰਨੀ)
2. ਅੱਗ ਵਰ੍ਹਨੀ (ਬਹੁਤ ਗਰਮੀ ਪੈਣਾ)
3. ਈਦ ਦਾ ਚੰਨ ਹੋਣਾ (ਬਹੁਤ ਦੇਰ ਬਾਅਦ ਮਿਲਣਾ)
4. ਕਬਰਾਂ ਵਿੱਚ ਪੈਰ ਹੋਣਾ (ਮਰਨ ਕਿਨਾਰੇ ਹੋਣਾ)
5. ਚਾਦਰ ਵੇਖ ਕੇ ਪੈਰ ਪਸਾਰਨੇ (ਆਮਦਨ ਅਨੁਸਾਰ ਖਰਚ ਕਰਨਾ)
6. ਛੱਕੇ ਛਡਾਉਣੇ
7. ਢੋਲ ਵਜਾਉਣਾ
8. ਦੋ ਹੱਥ ਕਰਨਾ
9. ਪਾਣੀ-ਪਾਣੀ ਹੋਣਾ
10. ਲੇਖਾ ਦੇਣਾ

## ਅਖਾਉਤਾਂ ਕਿਹੜੇ ਵਿਸ਼ੇਸ਼ ਮੌਕਿਆਂ ਉੱਤੇ ਵਰਤੀਆਂ ਜਾਂਦੀਆਂ ਹਨ :-

1. ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖਲੀ :- ਕਿਸੇ ਔਰਤ ਜਾਂ ਮਰਦ ਦਾ ਹਰ ਥਾਂ ਤੇ ਹਰ ਕੰਮ ਵਿੱਚ ਨਜ਼ਰ ਆਉਣਾ।
2. ਉੱਠ ਨਾ ਸਕਾਂ ਫਿੱਟੇ ਮੂੰਹ ਗੋਡਿਆਂ ਦਾ :- ਜਦੋ ਕੰਮ ਆਪਣੇ ਕੋਲੋ
   ਨਾ ਹੋਵੇ, ਪਰ ਦੋਸ਼ ਦੂਜਿਆਂ ਨੂੰ ਦੇਵੇ।
3. ਅਕਲਾਂ ਬਾਝੋ ਖੂਹ ਖ਼ਾਲੀ :- ਜਦੋਂ ਇਹ ਦੱਸਣਾ ਹੋਵੇ ਕਿ ਬੇਅਕਲ ਮਨੁੱਖ ਦੇ ਪੱਲੇ ਕੁੱਝ ਨਹੀਂ ਹੁੰਦਾ।
4. ਇਕ ਅਨਾਰ, ਸੌ ਬਿਮਾਰ :- ਜਦੋਂ ਚੀਜ਼ ਥੋੜ੍ਹੀ ਹੋਵੇ ਤੇ ਲੋੜਵੰਦ ਬਹੁਤੇ ਹੋਣ।
5. ਸੱਪ ਦਾ ਬੱਚਾ ਸਪੋਲਾ :- ਭੈੜੇ ਦੀ ਔਲਾਦ ਵੀ ਭੈੜੀ ਹੁੰਦੀ ਹੈ।

## ਕਰਨ ਲਈ ਕੁਝ ਹੋਰ :-

1. ਇਕ ਚੁੱਪ ਤੇ ਸੌ ਸੁਖ
2. ਇਕ ਪੰਥ, ਦੋ ਕਾਜ
3. ਇਕ ਹੱਥ ਨਾਲ ਤਾੜੀ ਨਹੀਂ ਵੱਜਦੀ
4. ਹੰਕਾਰਿਆ ਸੋ ਮਾਰਿਆ
5. ਘਰ ਦਾ ਭੇਤੀ ਲੰਕਾ ਢਾਹੇ
6. ਜਿਹੀ ਕਰਨੀ ਤਿਹੀ ਭਰਨੀ
7. ਜਿਹੜੇ ਗੱਜਦੇ ਨੇ ਉਹ ਵਰ੍ਹਦੇ ਨਹੀਂ

8. ਜੋ ਸੁਖ ਛੱਜੂ ਦੇ ਚੁਬ਼ਾਰੇ, ਨਾ ਬਲਖ਼ ਨਾ ਬੁਖ਼ਾਰੇ

9. ਮਾੜਾ ਢੱਗਾ ਛੱਤੀ ਰੋਗ

10. ਮੀਆਂ ਬੀਵੀ ਰਾਜ਼ੀ, ਕੀ ਕਰੇਗਾ ਕਾਜ਼ੀ

# ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ

## ਸੰਖੇਪ-ਰਚਨਾ ਸਿਰਲੇਖ ਸਹਿਤ

1. ਵਿੱਦਿਆ ਮਨੁੱਖੀ ਗੁਣਾਂ ਦਾ ਅਜਿਹਾ ਭੰਡਾਰ ਹੈ ਜਿਸ ਵਿੱਚੋਂ ਗੁਣ ਧਾਰਨ ਕਰਕੇ ਵਿਦਿਆਰਥੀ ਆਪਣੇ ਭਵਿੱਖ ਦਾ ਰਾਹ ਨਿਸ਼ਚਿਤ ਕਰਦਾ ਹੈ। ਵਿੱਦਿਆ ਦੇ ਇਸ ਅਨਮੋਲ ਸਾਗਰ ਵਿੱਚੋਂ ਉਹ ਵੱਖ-ਵੱਖ ਵਿਸ਼ਿਆਂ ਦਾ ਗਿਆਨ ਹਾਸਲ ਕਰਦਾ ਹੈ। ਵਿਦਿਆਰਥੀ ਜੀਵਨ ਮਨੁੱਖ ਦੇ ਸੁਨਹਿਰੀ ਭਵਿੱਖ ਦੀ ਤਿਆਰੀ ਹੈ, ਜਿਸ ਵਿੱਚੋਂ ਟਰੇਨਿੰਗ ਲੈ ਕੇ ਉਹ ਆਪਣੇ ਆਪ ਨੂੰ ਹਰ ਪਾਸੇ ਤੋਂ ਪਰਪੱਕ ਕਰ ਲੈਂਦਾ ਹੈ, ਵਿਸ਼ੇਸ਼ ਤੌਰ ਤੇ ਮਨੁੱਖ ਆਪਣੇ ਦੇਸ ਦੀ ਸਭਿਅਤਾ, ਸਭਿਆਚਾਰ ਤੇ ਗੌਰਵ ਪੂਰਨ ਪਰੰਪਰਾ ਦਾ ਆਪਣੇ ਹਿਰਦੇ ਵਿੱਚ ਸੰਚਾਰ ਕਰਦਾ ਹੈ। ਉਂਜ ਤਾਂ ਰਾਜਨੀਤੀ ਤੇ ਵਿਦਿਆਰਥੀ ਜ਼ਿੰਦਗੀ ਤੇ ਅਲੱਗ-ਅਲੱਗ ਪਹਿਲੂ ਹਨ, ਪਰ ਵਿਦਿਆਰਥੀ ਨੂੰ ਵਿਦਿਆ ਪ੍ਰਾਪਤ ਕਰਕੇ ਦੇਸ ਦੀ ਬਾਗਡੋਰ ਨੂੰ ਸੰਭਾਲਣਾ ਹੈ।

   ਆਪਣੇ ਸਭਿਆਰਾਰ ਦੀ ਰਾਖੀ ਕਰਨੀ ਹੈ ਅਤੇ ਆਪਣੀ ਸ਼ਾਨਦਾਰ ਵਿਰਾਸਤ ਨੂੰ ਆਪਣੇ ਜੀਵਨ ਵਿੱਚ ਰਚਾਉਣਾ ਹੈ। ਇਸ ਲਈ ਉਸ ਨੂੰ ਰਾਜਨੀਤੀ ਵਿਗਿਆਨ ਵਰਗੇ ਵਿਸ਼ਿਆਂ ਨੂੰ ਪੜ੍ਹ ਕੇ ਸੰਵਿਧਾਨ ਦੇ ਮਹੱਤਵ ਨੂੰ ਸਮਝਣਾ ਚਾਹੀਦਾ ਹੈ ਅਤੇ ਸੰਵਿਧਾਨ ਵਿੱਚ ਲਿਖੇ ਕਾਨੂੰਨਾਂ ਅਤੇ ਨਿਯਮਾਂ ਦੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ। ਵਿਦਿਆਰਥੀ ਜੀਵਨ ਹੀ ਇਸ ਗਿਆਨ ਪ੍ਰਾਪਤੀ ਦਾ ਸਹੀ ਪੜਾਅ ਹੈ।

## ਉੱਤਰ :-ਸਿਰਲੇਖ - ਵਿੱਦਿਆ

ਸੰਖੇਪ :- ਵਿੱਦਿਆ ਦੇ ਗੁਣਾਂ ਦੇ ਭੰਡਾਰ ਤੋਂ ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਦਾ ਗਿਆਨ ਪ੍ਰਾਪਤ ਕਰਕੇ ਆਪਣਾ ਭਵਿੱਖ ਤਹਿ ਕਰਦਾ ਹੈ। ਵਿਦਿਆਰਥੀ ਨੇ ਹੀ ਕੱਲ੍ਹ ਨੂੰ ਦੇਸ ਦੀ ਬਾਗਡੋਰ ਸੰਭਾਲਣੀ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਰਾਜਨੀਤੀ ਵਿਗਿਆਨ ਦੇ ਵਿਸ਼ੇ ਨੂੰ ਪੜ੍ਹੇ ਅਤੇ ਸੰਵਿਧਾਨ ਦੇ ਮਹੱਤਵ, ਉਸ ਵਿਚਲੇ ਨਿਯਮਾਂ ਨੂੰ ਸਮਝੇ। ਵਿਦਿਆਰਥੀ ਜੀਵਨ ਇਸ ਗਿਆਨ ਪ੍ਰਾਪਤੀ ਲਈ ਸਹੀ ਮੌਕਾ ਹੈ।

2. ਸਮਾਂ ਇੱਕ ਮਹਾਨ ਖਜ਼ਾਨਾ ਹੈ। ਅਮਰੀਕਾ ਜਾਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਡ ਹੋਵੇ, ਗਰਮੀ ਹੋਵੇ , ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖਾਨਿਆਂ ਵਿੱਚ ਤਾਂ ਸਾਲ ਅੰਦਰ ਮਸਾਂ ਚਾਰ ਛੁੱਟੀਆਂ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਕੰਮ ਅਤੇ ਫਿਰ ਸਵੇਰੇ ਸ਼ਾਮ ਮੰਦਰਾਂ, ਗੁਰਦਵਾਰਿਆਂ ਵਿੱਚ ਭੀੜਾਂ, ਸਾਧੂ ਸੰਤਾਂ ਦੀ ਨਿੱਤ ਫੇਰੀ, ਮਰਨੇ ਜੰਮਣੇ ਤੇ ਵਿਆਹ। ਕਿਸੇ ਹੋਰ ਦੇਸ ਵਿੱਚ ਇਨ੍ਹਾਂ ਗੱਲ੍ਹਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਧਰਮ ਨਹੀਂ ਵਹਿਮ-ਭਰਮ ਪ੍ਰਚਾਰੇ ਜਾਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ। ਕਾਮੇ ਪੂਰੇ ਅੱਠ ਵਜੇ ਕੰਮ ਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੀਕ ਡਟ ਕੇ ਕੰਮ ਕੀਤਾ ਜਾਂਦਾ ਹੈ। ਇਕ ਘੰਟਾ ਵਿਚਕਾਰ ਖਾਣਾ ਖਾਂਦੇ ਹਨ ਅਤੇ ਪੰਜ ਵਜੇ ਤੀਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਕਿ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾਂ ਵਧੇਰੇ ਹੁੰਦੀ ਹੈ।

ਉੱਤਰ :- ਸਿਰਲੇਖ :-
ਸਮੇਂ ਦੀ ਮਹਾਨਤਾ

## ਸੰਖੇਪ ਰਚਨਾ -

ਸਮਾਂ ਇਕ ਮਹਾਨ ਖ਼ਜ਼ਾਨਾ ਹੈ। ਅਮਰੀਕਾ ਤੇ ਜਾਪਾਨ ਵਰਗੇ ਦੇਸਾਂ ਵਿੱਚ ਹਰ ਹਾਲਤ ਵਿੱਚ ਅੱਠ ਘੰਟੇ ਡਟ ਕੇ ਕੰਮ ਕੀਤਾ ਜਾਂਦਾ ਹੈ। ਸਾਡੇ ਦੇਸ ਵਿੱਚ ਛੁੱਟੀਆਂ ਕਾਫੀ ਹੁੰਦੀਆਂ ਹਨ ਅਤੇ ਧਾਰਮਿਕ ਤੇ ਸਮਾਜਿਕ ਰਸਮਾਂ ਤੇ ਵਾਧੂ ਸਮਾਂ ਬਰਬਾਦ ਕੀਤਾ ਜਾਂਦਾ ਹੈ। ਜਦੋ ਕਿ ਹੋਰਨਾਂ ਦੇਸਾਂ ਵਿੱਚ ਅਣਥੱਕ ਮਿਹਨਤ ਹੁੰਦੀ ਹੈ। ਇਸੇ ਕਰਕੇ ਉਨ੍ਹਾਂ ਦੀ ਪੈਦਾਵਾਰ ਸਾਡੇ ਨਾਲੋਂ ਵੱਧ ਹੁੰਦੀ ਹੈ।

## ਕਰਨ ਲਈ ਕੁੱਝ ਹੋਰ :-

1. ਬਹਾਦਰੀ ਤਾਂ ਜੀਵਨ ਹੀ ਸਭ ਤੋਂ ਵਧੀਆਂ ਜੀਵਨ ਹੁੰਦਾ ਹੈ। ਅਜਿਹੇ ਜੀਵਨ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਇਸ ਗੱਲ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਲੋਕ ਉਹਦੇ ਬਾਰੇ ਕੀ ਸੋਚਦੇ ਹੋਣਗੇ। ਲੋਕਾਂ ਦੀ ਪਰਵਾਹ ਕੀਤੇ ਬਿਨਾਂ ਜਿਉਂਣ ਵਾਲਾ ਆਦਮੀ ਹੀ ਦੁਨੀਆਂ ਦੀ ਅਸਲੀ ਤਾਕਤ ਹੁੰਦਾ ਹੈ ਅਤੇ ਮਨੁੱਖਤਾ ਨੂੰ ਰੌਸ਼ਨੀ ਵੀ ਅਜਿਹੇ ਆਦਮੀ ਤੋਂ ਹੀ ਮਿਲਦੀ ਹੈ। ਆਲੇ-ਦੁਆਲੇ ਤੋਂ ਡਰ-ਡਰ ਕੇ ਚੱਲਣਾ ਸਧਾਰਨ ਜੀਵਨ ਦਾ ਕੰਮ ਹੁੰਦਾ ਹੈ। ਕ੍ਰਾਂਤੀ ਕਰਨ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਨਾ ਗੁਆਂਢੀ ਦੇ ਉਦੇਸ਼ ਨਾਲ ਕਰਕੇ ਹਨ ਅਤੇ ਨਾ ਹੀ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਦੇਖ ਕੇ ਮੱਧਮ ਕਰਦੇ ਹਨ।
2. ਬੰਦੇ ਲਈ ਅਰਦਾਸ ਇਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ, ਜਦੋਂ ਕਿ ਵੱਡੇ ਤੋਂ ਵੱਡੇ ਰਾਠ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ, ਸਿਵਾਏ ਇਕ ਅਰਦਾਸ ਦੇ। ਸਭ ਤੋਂ ਸਿਆਣਾ ਆਦਮੀ ਸੁਕਰਾਤ ਗਿਣਿਆ ਜਾਂਦਾ ਹੈ। ਇਹ ਮੌਤ ਤੋਂ ਬੇ-ਪ੍ਰਵਾਹ ਸੀ। ਜ਼ਹਿਰ ਦਾ ਪਿਆਲਾ ਇਸ ਨੇ ਵੀ ਸ਼ਰਬਤ ਵਾਕਣ ਪੀ ਲੀਤਾ ਸੀ। ਐਸਾ ਆਦਮੀ ਵੀ ਅਰਦਾਸ ਦਾ ਕਾਇਲ ਸੀ। ਇਕ ਥਾਂਵੇਂ ਉਸ ਨੇ ਕਿਹਾ ਹੈ, "ਓ ਪਿਆਰੇ ਪੈਨ ਦੇਵਤਾ ਅਤੇ ਇਸ ਥਾਂ ਦੇ ਹੋਰ ਸਾਰੇ ਦੇਵਤਿਓ ! ਮੇਰੀ ਇਹ ਅਰਜ਼ ਕਬੂਲ ਕਰੋ ਕਿ ਮੇਰੇ ਅੰਦਰ ਮੇਰੀ ਰੂਹ ਸੁੰਦਰ ਬਣ ਜਾਵੇ ਅਤੇ ਮੇਰੀਆਂ ਸਾਰੀਆਂ ਬਾਹਰਲੀਆਂ ਵਸਤਾਂ ਇਸ ਅੰਦਰਲੀ ਜੀਵ-ਆਤਮਾ ਦੇ ਨਾਲ ਇਕਸੁਰ ਹੋ ਜਾਣ।"

## ਪ੍ਰਸ਼ਨ :- ਲਗਭਗ 300 ਸ਼ਬਦਾਂ ਦਾ ਲੇਖ ਲਿਖੋ।

# ਵਿੱਦਿਆਰਥੀ ਤੇ ਫੈਸ਼ਨ

ਇੱਕ ਸਮਾਂ ਸੀ ਜਦੋਂ ਸਕੂਲ ਤੇ ਕਾਲਜਾਂ ਵਿਚ ਪੜ੍ਹਦੇ ਬੱਚਿਆਂ ਦੀ ਵਰਦੀ ਬਿਲਕੁਲ ਸਧਾਰਨ ਹੁੰਦੀ ਸੀ। ਸਕੂਲ ਵੱਲੋ ਇੱਕ ਰੰਗ ਨਿਸ਼ਚਿਤ ਕਰ ਦਿੱਤਾ ਜਾਂਦਾ ਸੀ। ਕੁੜੀਆਂ ਦੀਆ ਕਮੀਜਾਂ ਦੀ ਲੰਬਾਈ ਤੇ ਸਲਵਾਰਾਂ ਦੇ ਪੌਂਚਿਆਂ ਦੀ ਚੌੜਾਈ ਵੀ ਦੱਸ ਦਿੱਤੀ ਜਾਂਦੀ ਸੀ। ਮੁੰਡਿਆਂ ਦੀਆਂ ਕਮੀਜਾਂ ਦੇ ਕੱਟ ਨਿੱਕਰਾਂ ਦੀ ਲੰਬਾਈ ਤੇ ਪੈਂਟਾਂ ਦਾ ਪੌਂਚਾ ਵੀ ਨਿਸਚਿਤ ਸੀ। ਅੱਜ ਵੱਖ-ਵੱਖ ਸਕੂਲਾਂ ਦੀ ਵਰਦੀ ਦਾ ਰੰਗ ਵੱਖ-ਵੱਖ ਨਿਸ਼ਚਿਤ ਹੈ, ਅਤੇ ਸਿਲਾਈ ਦਾ ਢੰਗ ਵੀ ਵੱਖਰਾ-ਵੱਖਰਾ ਹੈ। ਕਾਲਜਾਂ ਦੀ ਤਾਂ ਗੱਲ ਹੀ ਅਲੱਗ ਹੈ। ਕੋਈ ਵਰਦੀ ਨਹੀਂ, ਵੰਨ-ਸੁਵੰਨੇ ਬਿਲਕੁਲ ਨਵੇਂ ਡਿਜ਼ਾਇਨ, ਮਾਡਲਾਂ ਤੇ ਪਿਕਚਰਾਂ ਤੋਂ ਪ੍ਰੇਰਤ ਕਪੜੇ ਵੇਖਣ ਨੂੰ ਮਿਲਦੇ ਹਨ।

ਅਸੀਂ ਸਾਰੇ ਜਾਣਦੇ ਹਾਂ ਕਿ ਅੱਜ ਦਾ ਵਿੱਦਿਆਰਥੀ ਕੱਲ੍ਹ ਦਾ ਨੇਤਾ ਹੈ। ਉਹ ਸਾਡੇ ਦੇਸ ਦਾ ਭਵਿੱਖ ਹੈ। ਵਿੱਦਿਆਰਥੀ ਜੀਵਨ ਜ਼ਿੰਦਗੀ ਤਾ ਬੜਾ ਨਾਜ਼ੁਕ ਸਮਾਂ ਹੁੰਦਾ ਹੈ। ਇਸ ਸਮੇਂ ਦੀਆਂ ਚੰਗੀਆਂ ਆਦਤਾਂ, ਅਨੁਸ਼ਾਸਨ ਤੇ ਪੜ੍ਹਾਈ-ਲਿਖਾਈ ਉਸ ਦੇ ਜੀਵਨ ਦੀ ਬੁਨਿਆਦ ਹੈ। ਪੜ੍ਹਾਈ ਪ੍ਰਤੀ ਵਿੱਦਿਆਰਥੀ ਦੀ ਗੰਭੀਰਤਾ ਨੇ ਹੀ ਉਸਦੇ ਆਉਣ ਵਾਲੇ ਸਮੇਂ ਨੂੰ ਨਿਸ਼ਚਿਤ ਕਰਨਾ ਹੈ। ਵਿੱਦਿਆਰਥੀ ਜੀਵਨ ਦੀ ਸਾਦਗੀ ਤੇ ਉੱਚੇ ਵਿਚਾਰ ਹੀ ਉਸਦੀ ਸਫ਼ਲਤਾ ਦੀ ਕੁੰਜੀ ਹਨ। ਲੇਕਿਨ ਹੁਣ ਵਿੱਦਿਆਰਥੀ ਇਹਨ੍ਹਾਂ ਨਸੀਹਤਾਂ ਨੂੰ ਸੁਣਨ ਲਈ ਤਿਆਰ ਨਹੀਂ ਹਨ। ਆਧੁਨਿਕ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਨ ਵਾਲੇ ਇਹ ਵਿੱਦਿਆਰਥੀ ਮਾਂ-ਬਾਪ ਨੂੰ ਪੁਰਾਣੀ ਪੀੜ੍ਹੀ ਦੇ ਕਹਿ ਕੇ ਸਮੇਂ ਨਾਲ ਚੱਲਣ ਦੀ ਸਿੱਖਿਆ ਦਿੰਦੇ ਹਨ। ਉਹਨਾਂ ਦਾ ਧਿਆਨ ਪੜ੍ਹਾਈ ਵੱਲ ਘੱਟ ਤੇ ਫੈਸ਼ਨ ਵੱਲ ਜ਼ਿਆਦਾ ਹੈ। ਅਸਲ ਵਿੱਚ ਵਿੱਦਿਆਰਥੀ ਦੀ ਹਲਕੀ ਸੋਚ ਜਜ਼ਬਿਆਂ ਵਿੱਚ ਜਲਦੀ ਘਿਰ ਜਾਂਦੀ ਹੈ। ਸੁਹਣੇ ਬਣਨ ਦੀ ਇੱਛਾ ਉਸ ਉਪਰ ਹਾਵੀ ਹੁੰਦੀ ਹੈ ਜਿਸ ਕਾਰਨ ਫਿਲਮਾਂ, ਕੇਬਲ, ਟੀ.ਵੀ., ਵਿਦੇਸ਼ੀ ਪ੍ਰੋਗਰਾਮ ਉਸ ਉਪਰ ਜਲਦੀ ਪ੍ਰਭਾਵ ਪਾਉਂਦੇ ਹਨ। ਪੜ੍ਹਾਈ ਵਿੱਚ ਵੀ ਫੈਸ਼ਨ ਪ੍ਰਚਲਿਤ ਹੋ ਗਿਆ ਹੈ। ਜਮਾਤ ਵਿੱਚ ਸ਼ਰਾਰਤਾਂ, ਅਧਿਆਪਕਾਂ ਨਾਲ ਗੁਸਤਾਖੀ ਕਰਨਾ, ਪਾਠ-ਪੁਸਤਕਾਂ ਦੀ ਨੋਟ-ਗਾਈਡ ਪੜ੍ਹਨਾ, ਸਕੂਲਾਂ-ਕਾਲਜਾਂ ਵਿੱਚ ਇੱਕ ਫਾਇਲ ਲੈ ਕੇ ਜਾਣਾ ਆਦਿ ਆਮ ਹੋ ਗਿਆ ਹੈ।

ਇਹਨਾਂ ਫੈਸ਼ਨਾਂ ਦੁਆਰਾ ਦੇਸ ਦਾ ਬਹੁਤ ਸਾਰਾ ਸਰਮਾਇਆ ਬਰਬਾਦ ਹੋ ਰਿਹਾ ਹੈ। ਫੇਲ੍ਹ ਹੋਣਾ ਅਤੇ ਘੱਟ ਅੰਕ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਸੁੰਦਰ ਬਣੇ ਰਹਿਣ ਦੀ ਇੱਛਾ ਕਾਰਨ ਬਿਊਟੀ ਪਾਰਲਰਾਂ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਵਿੱਦਿਆਰਥੀਆਂ ਨੂੰ ਗੱਲ ਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ ਕਿ ਬੀਤਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ। ਵਿੱਦਿਆਰਥੀ ਜੀਵਨ ਨੇ ਹੀ ਉਹਨਾਂ ਦੇ ਭਵਿੱਖ ਨੂੰ ਸੰਵਾਰਨਾ ਹੈ। ਅਧਿਆਪਕਾਂ ਅਤੇ ਮਾਂ-ਬਾਪ ਨੂੰ ਆਪਣਾ ਫਰਜ਼ ਪਛਾਣਦੇ ਹੋਏ ਉਹਨਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਾ ਚਾਹੀਦਾ ਹੈ। ਬੱਚੇ ਨਾਸਮਝ ਹੁੰਦੇ ਹਨ। ਉਹ ਚੰਗੇ ਤੇ ਬੁਰੇ ਵਿੱਚ ਫ਼ਰਕ ਕਰਨਾ ਹਾਲੇ ਨਹੀਂ ਜਾਣਦੇ। ਉਹ ਜੀਵਨ ਦੀਆਂ ਬਰੀਕੀਆਂ ਨੂੰ ਸਮਝਣ ਤੋਂ ਅਸਮਰਥ ਹਨ। ਵਿੱਦਿਆਰਥੀਆਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਮਾਂ-ਬਾਪ, ਅਧਿਆਪਕ ਉਹਨਾਂ ਦੀ ਭਲਾਈ ਚਾਹੁੰਦੇ ਹਨ।

**ਪ੍ਰਸ਼ਨ :- ਲਗਭਗ 300 ਸ਼ਬਦਾਂ ਦਾ ਲੇਖ ਲਿਖੋ।**

# ਮਨ ਜੀਤੈ ਜਗ ਜੀਤੁ

ਇਹ ਅਤਿ ਸੁੰਦਰ ਤੁਕ ਸਰਬ ਸਾਂਝੇ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ। ਇਸ ਦਾ ਅਰਥ ਹੈ ਕਿ ਜਿਸ ਨੇ ਮਨ ਜਿੱਤ ਲਿਆ ਭਾਵ ਮਨ ਤੇ ਕਾਬੂ ਪਾ ਲਿਆ ਸਮਝੋ ਉਸ ਨੇ ਸਾਰਾ ਸੰਸਾਰ ਜਿੱਤ ਲਿਆ। ਪਰ ਸਵਾਲ ਹੈ ਮਨ ਜਿੱਤਿਆ ਕਿਵੇਂ ਜਾਵੇ? ਸਾਧੂ ਸੰਤ ਘਰ ਬਾਹਰ ਤਿਆਗ ਕੇ ਜੰਗਲਾਂ ਵਿੱਚ ਭੁੱਖੇ ਪਿਆਸੇ ਤਪੱਸਿਆ ਕਰ ਕੇ ਆਪਣੇ ਮਨ ਨੂੰ ਮਾਰਨ ਦਾ ਯਤਨ ਕਰਦੇ ਰਹੇ। ਰਾਜੇ ਮਹਾਰਾਜੇ ਜੱਗ ਜਿੱਤਣ ਦਾ ਯਤਨ ਕਰਦੇ ਰਹੇ। ਨੈਪੋਲੀਅਨ, ਸਿਕੰਦਰ, ਬਹਾਦਰ ਸਾਹ, ਮੁਹੰਮਦ ਗੋਰੀ ਆਦਿ ਦਾ ਨਾਮ ਏਨੇ ਸਤਿਕਾਰ ਨਾਲ ਨਹੀਂ ਲਿਆ ਜਾਂਦਾ ਜਿੰਨ੍ਹਾ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਈਸਾ ਮਸੀਹ ਅਤੇ ਮਹਾਤਮਾ ਗਾਂਧੀ ਦਾ ਲਿਆ ਜਾਂਦਾ ਹੈ ਜਿਨ੍ਹਾਂ ਨੇ ਜੱਗ ਨੂੰ ਨਹੀਂ ਸਗੋਂ ਮਨ ਨੂੰ ਜਿੱਤਿਆ।

ਪਹਿਲਾਂ ਪਹਿਲ ਮਨ ਜਿੱਤਣ ਲਈ ਘਰ-ਬਾਹਰ ਛੱਡ ਕੇ ਜੰਗਲਾਂ ਵਿੱਚ ਜਾ ਕੇ ਆਸਣ ਲਾਏ ਜਾਂਦੇ ਸਨ। ਸਰੀਰ ਨੂੰ ਅਨੇਕਾਂ ਕਸ਼ਟ ਦਿੱਤੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਥ ਵਿੱਚ ਰਹਿ ਕੇ ਮਨ ਤੇ ਕਾਬੂ ਪਾਉਣ ਲਈ ਪ੍ਰੇਰਿਆ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤਿਆਗ ਕੇ ਸ਼ੁਭ ਅਮਲ ਕਰਨ ਦਾ ਸੁਨੇਹਾ ਦਿੱਤਾ। ਵੀਹਵੀਂ

ਸਦੀ ਵਿੱਚ ਮਹਾਤਮਾ ਗਾਂਧੀ ਦੀ ਅਹਿੰਸਾ ਤੇ ਸਤਿਆਗ੍ਰਹਿ ਦੀ ਨੀਤੀ ਵੀ ਇਹੋ ਦੱਸਦੀ ਹੈ ਕਿ ਮਨ ਤੇ ਇੰਨਾ ਕੰਟਰੋਲ ਹੋਵੇ ਕਿ ਜ਼ੁਲਮ ਨੂੰ ਅਮਨ ਅਤੇ ਸ਼ਾਂਤੀ ਨਾਲ ਜਰਿਆ ਜਾ ਸਕੇ। ਅਜਿਹਾ ਕਰਨ ਨਾਲ ਜ਼ਾਲਮ ਦੀ ਰੂਹ ਕੰਬ ਉਠਦੀ ਹੈ। ਇਸੇ ਲਈ ਅੱਜ ਗਾਂਧੀ ਜੀ ਨੂੰ ਅਮਨ ਅਤੇ ਸ਼ਾਂਤੀ ਦਾ ਮਸੀਹਾ ਕਿਹਾ ਜਾਂਦਾ ਹੈ।

ਮਨ ਨੂੰ ਜਿੱਤਣ ਲਈ ਬਹੁਤ ਹਿੰਮਤ ਦੀ ਲੋੜ ਪੈਂਦੀ ਹੈ ਜੋ ਲੋਕ ਮਨ ਨੂੰ ਜਿੱਤ ਲੈਂਦੇ ਹਨ ਉਹ ਕਦੇ ਡਰਦੇ ਨਹੀਂ। ਗੁਰੂ ਨਾਨਕ ਦੇਵ ਜੀ ਨੇ ਵਕਤ ਦੇ ਹਾਕਮਾਂ ਨੂੰ ਨਿੱਡਰ ਹੋ ਕੇ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਅਰਜਨ ਦੇਵ ਜੀ ਉਬਲਦੀ ਦੇਗ ਅਤੇ ਤੱਤੀ ਤਵੀ ਤੇ ਬੈਠ ਕੇ ਵੀ 'ਤੇਰਾ ਭਾਣਾ ਮੀਠਾ ਲਾਗੈ' ਦਾ ਉਚਾਰਣ ਕਰਦੇ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਖਿੜੇ ਮੱਥੇ ਸਰਬੰਸ ਵਾਰ ਦਿੱਤਾ। ਮਨਸੂਰ ਨੇ ਸੂਲੀ ਚੜ੍ਹ ਕੇ ਵੀ 'ਅਨਲਹੱਕ' ਦਾ ਨਾਹਰਾ ਲਾਉਣਾ ਨਾ ਛੱਡਿਆ। ਮਨ ਨੂੰ ਜਿੱਤਣ ਵਾਲਾ ਆਪ ਵੀ ਸੁੱਖੀ ਹੁੰਦਾ ਹੈ ਅਤੇ ਦੁਨੀਆਂ ਨੂੰ ਸੁੱਖੀ ਹੋਣ ਲਈ ਪੂਰਨੇ ਪਾ ਕੇ ਦੇ ਜਾਂਦਾ ਹੈ।

## ਕਰਨ ਲਈ ਕੁਝ ਹੋਰ:-

(1) ਬੇਰੁਜ਼ਗਾਰੀ ਦੀ ਸਮੱਸਿਆ (2) ਭ੍ਰਿਸ਼ਟਾਚਾਰ (3) ਵਿਹਲਾ ਮਨ ਸ਼ੈਤਾਨ ਦਾ ਘਰ (4) ਭਰੂਣ ਹੱਤਿਆ (5) ਮੋਬਾਇਲ ਫੋਨ ਦੇ ਲਾਭ ਅਤੇ ਹਾਨੀਆਂ (6) ਅਖ਼ਬਾਰਾਂ ਦੇ ਲਾਭ ਅਤੇ ਹਾਨੀਆਂ (7) ਗਣਤੰਤਰ ਦਿਵਸ (8) ਭਗਤ ਸਿੰਘ (9) ਇੰਟਰਨੈਟ ਦਾ ਮਹੱਤਵ (10) ਨਾਨਕ ਦੁਖੀਆ ਸਭ ਸੰਸਾਰ (11) ਸੋ ਕਿਉਂ ਮੰਦਾ ਆਖੀਐ (12) ਨੌਜਵਾਨਾਂ ਵਿੱਚ ਵੱਧ ਰਹੀ ਨਸ਼ਿਆ ਦੀ ਵਰਤੋਂ।

**ਪ੍ਰਸ਼ਨ :-** ਤੁਹਾਡੀ ਕਾਰ ਚੋਰੀ ਹੋ ਗਈ ਹੈ ਇਸ ਦੀ ਰਿਪੋਰਟ ਆਪਣੇ ਇਲਾਕੇ ਦੇ ਐਸ.ਐਚ.ਓ. ਨੂੰ ਦਰਜ ਕਰਾਓ।

ਸੇਵਾ ਵਿਖੇ

ਐਸ.ਐਚ.ਓ

ਪੁਲਿਸ ਥਾਣਾ

ਰਾਜੌਰੀ ਗਾਰਡਨ, ਨਵੀਂ ਦਿੱਲੀ-27

ਵਿਸ਼ਾ :- ਕਾਰ ਚੋਰੀ ਹੋਣ ਬਾਰੇ ਰਿਪੋਰਟ

ਸ੍ਰੀਮਾਨ ਜੀ,

ਮੈਂ 25 ਮਾਰਚ,2008 ਨੂੰ ਆਪਣੀ ਕਾਰ ਤੇ ਰਘਵੀਰ ਨਗਰ ਦੇ ਚੌਂਕ ਕੋਲ ਬੱਚਿਆਂ ਲਈ ਕੱਪੜੇ ਲੈਣ ਗਿਆ ਸੀ। ਮੈਂ ਪਾਰਕਿੰਗ ਵਿੱਚ ਕਾਰ ਖੜੀ ਕਰ ਕੇ ਸਮਾਨ ਖ਼ਰੀਦਣ ਲਈ ਦੁਕਾਨ ਵਿੱਚ ਗਿਆ। ਜਦੋਂ ਮੈਂ ਅੱਧੇ ਘੰਟੇ ਬਾਅਦ ਵਾਪਸ ਆਇਆ ਤਾਂ ਉੱਥੇ ਮੇਰੀ ਕਾਰ ਨਹੀਂ ਸੀ। ਮੈਂ ਆਪਣੀ ਜੇਬ੍ਹ ਵਿੱਚ ਹੱਥ ਮਾਰਿਆ ਕਾਰ ਦੀ ਚਾਬੀ ਮੇਰੀ ਜੇਬ੍ਹ ਵਿੱਚ ਹੀ ਸੀ। ਮੇਰੀ ਕਾਰ ਬਾਰੇ ਮੁੱਖ ਜਾਣਕਾਰੀ ਇੰਜ ਹੈ :

ਰਜਿਸਟ੍ਰੇਸ਼ਨ ਨੰਬਰ ਤੇ ਤਾਰੀਖ: ਡੀ. ਐਲ. 4 ਐਸ. ਐਲ 5763

4.10.1994

ਚੈਸੀ ਨੰਬਰ : ਐਸ 576391686

ਇੰਜਨ ਨੰਬਰ : 96705

ਬਣਾਉਣ ਵਾਲੀ ਕੰਪਨੀ : ਮਰੂਤੀ ਆਟੋ ਲਿਮਿਟਿਡ

ਰੰਗ : ਸਫੈਦ

ਕਿਰਪਾ ਕਰਕੇ ਇਹ ਕਾਰ ਭਾਲਣ ਵਿੱਚ ਲੋੜੀਂਦੀ ਕਾਰਵਾਈ ਕਰੋ।

ਧੰਨਵਾਦ ਸਹਿਤ

25 ਮਾਰਚ,2008

ਆਪ ਜੀ ਦਾ ਹਿਤੂ

ਗੁਰਨਾਮ ਸਿੰਘ

ਡੀ-74, ਰਘਵੀਰ ਨਗਰ

ਨਵੀਂ ਦਿੱਲੀ-110027

**ਪ੍ਰਸ਼ਨ :-** ਦਿੱਲੀ ਜਲ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਆਪਣੇ ਇਲਾਕੇ ਵਿੱਚ ਸ਼ੁੱਧ ਪਾਣੀ ਨਾ ਆਉਣ ਦੀ ਸਮੱਸਿਆ ਦੱਸ ਕੇ ਉਸ ਦੇ ਹੱਲ ਲਈ ਬੇਨਤੀ ਕਰੋ।

ਸੇਵਾ ਵਿਖੇ

ਚੇਅਰਮੈਨ

ਦਿੱਲੀ ਜਲ ਬੋਰਡ

ਦਿਲਸ਼ਾਦ ਗਾਰਡਨ, ਦਿੱਲੀ-95

## ਵਿਸ਼ਾ :- ਟੂਟੀਆਂ ਵਿੱਚ ਸ਼ੁੱਧ ਪਾਣੀ ਨਾ ਆਉਣਾ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਦਿਲਸ਼ਾਦ ਗਾਰਡਨ ਦੇ ਰਹਿਣ ਵਾਲੇ ਆਪਣੀ ਅਬਾਦੀ ਦੀ ਪਾਣੀ ਦੀ ਸਮੱਸਿਆ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦੇ ਹਾਂ। ਦਿੱਲੀ ਵਿੱਚ ਜਦੋਂ ਗੰਗਾ ਦਾ ਪਾਣੀ ਮਿਲਣ ਦੀ ਖ਼ਬਰ ਫੈਲੀ ਤਾਂ ਸਾਡੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਅਸੀਂ ਸੋਚਿਆ ਕਿ ਸਾਨੂੰ ਸ਼ੁੱਧ, ਸਾਫ-ਸੁਥਰਾ, ਸਿਹਤ ਲਈ ਲਾਹੇਵੰਦ ਪਾਣੀ ਮਿਲੇ ਗਾ। ਅਸੀਂ ਇਹ ਪਾਣੀ ਪੀ ਕੇ ਬਿਮਾਰੀਆ ਤੋਂ ਬਚ ਸਕਾਂਗੇ ਤੇ ਲੰਮੀ ਜ਼ਿੰਦਗੀ ਜੀਅ ਸਕਾਂਗੇ। ਇਹ ਸਾਡਾ ਸੁਪਨਾ ਸੀ ਜੋ ਛੇਤੀ ਹੀ ਚੂਰ-ਚੂਰ ਹੋ ਗਿਆ। ਹੁਣ ਤਾਂ ਪਾਣੀ ਡਰ-ਡਰ ਕੇ ਕੰਜੂਸੀ ਨਾਲ ਵਰਤਣਾ ਪੈਂਦਾ ਹੈ ਕਿਤੇ ਟੈਂਕੀ ਦਾ ਪਾਣੀ ਮੁੱਕ ਨਾ ਜਾਏ। ਕਿਤੇ ਇੰਜ ਨਾ ਹੋਵੇ ਕਿ ਪਿੰਡੇ ਨੂੰ ਸਾਬਣ ਲਾ ਕੇ ਮੱਗ ਪਾਣੀ ਨੂੰ ਤਰਸਦੇ ਰਹੀਏ। ਕਿਤੇ ਮੂੰਹ ਧੋਣ ਲਈ ਪਾਣੀ ਨੂੰ ਨਸੀਬ ਨਾ ਹੋਏ। ਸਾਡੇ ਇਲਾਕੇ ਵਿੱਚ ਇੰਜ ਹੀ ਹੋ ਰਿਹਾ ਹੈ। ਸਾਡੇ ਵਿੱਚੋ ਕਈ ਜਣੇ ਤੀਜੀ ਮੰਜਲ ਉੱਤੇ ਰਹਿੰਦੇ ਹਨ। ਇਸ ਸਾਲ ਗਰਮੀਆਂ ਵਿੱਚ ਤੇ ਬੂੰਦ-ਬੂੰਦ ਪਾਣੀ ਨੂੰ ਤਰਸਦੇ ਰਹੇ। ਕਈ ਵਾਰੀ ਪਹਿਲੀ ਮੰਜਲ ਵਾਲਿਆਂ ਕੋਲੋ ਦੋ ਬਾਲਟੀਆਂ ਪਾਣੀ ਮੰਗਦੇ ਹਾਂ ਪਰ ਪਾਣੀ ਦੀ ਕਮੀ ਕਾਰਨ ਉਹ ਵੀ ਮੂੰਹ ਫੇਰਨ ਲੱਗੇ ਹਨ। ਪਾਣੀ ਤੋਂ ਬਿਨਾਂ ਸਾਡੇ ਫੁੱਲਾਂ-ਬੂਟਿਆਂ ਦੇ ਗਮਲੇ ਸੁੱਕੇ ਤੇ ਖਾਲੀ ਪਏ ਹਨ। ਚੌਂਕੇ ਚੁਲ੍ਹੇ ਤੇ ਸਫ਼ਾਈਆਂ ਲਈ ਪਾਣੀ ਕਿਥੋਂ ਮਿਲੇ। ਕਈ ਵਾਰ ਦੋ ਤਿੰਨ ਦਿਨ ਬਾਅਦ ਪਾਣੀ ਆਉਂਦਾ ਹੈ ਪਰ ਜਦ ਟੂਟੀ ਥੱਲੇ ਬਾਲਟੀ ਲਾਈਦੀ ਹੈ ਤਾਂ ਚਿੱਕੜ ਆਉਂਦਾ ਹੈ। ਅਸੀਂ ਤੁਹਾਨੂੰ ਬੇ -ਨਤੀ ਕਰਦੇ ਹਾਂ ਕਿ ਏਨਾ ਤਾ ਪਾਣੀ ਦਿਓ ਕਿ ਨਹਾਉਣ ਧੋਣ ਤੇ ਰੋਟੀ, ਕਪੜੇ ਦਾ ਕੰਮ ਹੋ ਸਕੇ। ਤੁਹਾਡੀ ਬਹੁਤ ਮਿਹਰਬਾਨੀ ਹੋਵੇਗੀ।

ਧੰਨਵਾਦ ਸਹਿਤ

26 ਨਵੰਬਰ, 2009

ਆਪ ਜੀ ਦੇ ਸ਼ੁਭ ਚਿੰਤਕ

ਸਮੂਹ ਨਿਵਾਸੀ, ਦਿਲਸ਼ਾਦ ਗਾਰਡਨ

## ਕਰਨ ਲਈ ਕੁਝ ਹੋਰ :-

1. ਆਪਣੇ ਸਕੂਲ ਦੇ ਪ੍ਰਿਸੀਪਲ ਨੂੰ ਸਕੂਲ ਵਿੱਚ ਪੰਜਾਬੀ ਪੜ੍ਹਨ ਦੇ ਪ੍ਰਬੰਧ ਲਈ ਪ੍ਰਾਰਥਨਾ ਪੱਤਰ ਲਿਖੋ।
2. ਨਗਰ ਨਿਗਮ ਦੇ ਸਫਾਈ ਕਰਮਚਾਰੀ ਦੀ ਸ਼ਿਕਾਇਤ ਕਰਦਿਆਂ ਸਵਾਸਥ ਅਧਿਕਾਰੀ ਨੂੰ ਪੱਤਰ ਲਿਖੋ।
3. ਕਿਸੇ ਪੁਸਤਕ ਵਿਕ੍ਰੇਤਾਂ ਤੋਂ ਪੰਜਾਬੀ ਕਿਤਾਬਾਂ ਮੰਗਾਉਣ ਲਈ ਚਿੱਠੀ ਲਿਖੋ।
4. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿੱਚ ਨਿੱਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਦੇ ਵਾਧੇ ਕਾਰਨ ਚਿੰਤਾ ਪ੍ਰਗਟ ਕਰੋ।
5. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਅੱਜ-ਕੱਲ੍ਹ ਚੀਜ਼ਾਂ ਵਿੱਚ ਹੋ ਰਹੀ ਮਿਲਾਵਣ ਬਾਰੇ ਲਿਖੋ।

# ਭਾਗ - ਅ

# "ਸਾਹਿਤਕ ਵੰਨਗੀਆ"

## ਕਹਾਣੀਆਂ

## ਕਰਾਮਾਤ (ਕਰਤਾਰ ਸਿੰਘ ਦੁੱਗਲ)

### 1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

1. ਮਰਦਾਨਾ ਕੋਣ ਸੀ?
2. **ਮਰਦਾਨਾ ਕਿਉਂ ਤੜਫ਼ ਰਿਹਾ ਸੀ?**
3. ਗੱਡੀ ਵਿੱਚ ਕੌਣ ਸਨ?
4. ਵਲੀ ਕੰਧਾਰੀ ਕੌਣ ਸੀ?
5. ਕੀ ਵਲੀ ਕੰਧਾਰੀ ਨੇ ਮਰਦਾਨੇ ਦੇ ਮੰਗਣ ਤੇ ਪਾਣੀ ਦਿੱਤਾ?

### 2. 40-50 ਸ਼ਬਦਾ ਦੇ ਉੱਤਰ ਵਾਲੇ ਪ੍ਰਸ਼ਨ

1. ਵਲੀ ਕੰਧਾਰੀ ਕੌਣ ਸੀ ਅਤੇ ਕਿੱਥੇ ਰਹਿੰਦਾ ਸੀ?
2. ਪਹਾੜੀ ਨੂੰ ਹੱਥ ਦੇ ਪੰਜੇ ਨਾਲ ਰੋਕਣ ਵਾਲੀ ਗੱਲ ਸੁਣ ਕੇ ਲੇਖਕ ਦੇ ਮਨ ਵਿੱਚ ਕੀ ਸ਼ੰਕਾ ਉਪਜੀ?
3. ਫ਼ਰੰਗੀ ਦੀ ਲੋਕਾਂ ਨੂੰ ਕਿਹੜੀ ਗੱਲ ਮਨਜ਼ੂਰ ਨਹੀਂ ਸੀ ਅਤੇ ਲੋਕਾਂ ਨੇ ਕੀ ਫ਼ੈਸਲਾ ਕੀਤਾ?

4. ਪੰਜਾ ਸਾਹਿਬ ਦੇ ਲੋਕਾਂ ਨੇ ਗੱਡੀ ਨੂੰ ਕਿਵੇਂ ਰੋਕਿਆ?

### 3. ਪੈਰ੍ਹੇ ਦੇ ਅਧਾਰ ਤੇ ਪ੍ਰਸ਼ਨ

1. ਦੂਰ ਬਹੁਤ ਦੂਰ ਇਕ ਕਿੱਕਰ ਹੇਠ ਵਲੀ ਕੰਧਾਰੀ ਨੇ ਵੇਖਿਆ, ਬਾਬਾ ਨਾਨਕ ਤੇ ਉਸ ਦਾ ਸਾਥੀ ਬੈਠੇ ਗੁੱਸੇ ਵਿੱਚ ਆ ਕੇ ਵਲੀ ਨੇ ਚਟਾਨ ਦੇ ਇਕ ਟੁਕੜੇ ਨੂੰ ਆਪਣੇ ਪੂਰੇ ਜ਼ੋਰ ਨਾਲ ਉੱਤੋਂ ਰੇੜ੍ਹਿਆ। ਇੰਜ ਪਹਾੜੀ ਦੀ ਪਹਾੜੀ ਨੂੰ ਆਪਣੇ ਵੱਲ ਆਉਂਦੀ ਵੇਖ ਮਰਦਾਨਾ ਚਿਚਲਾ ਉਠਿਆ। ਬਾਬੇ ਨਾਨਕ ਨੇ ਠਰ੍ਹੰਮੇ ਨਾਲ ਮਰਦਾਨੇ ਨੂੰ 'ਧੰਨ ਨਿਰੰਕਾਰ' ਕਹਿਣ ਲਈ ਕਿਹਾ ਦੇ ਜਦੋਂ ਪਹਾੜੀ ਦਾ ਟੁਕੜਾ ਬਾਬੇ ਦੇ ਸਿਰ ਕੋਲ ਆਇਆ, ਗੁਰੂ ਨਾਨਕ ਨੇ ਉਸ ਨੂੰ ਹੱਥ ਦੇ ਕੇ ਆਪਣੇ ਪੰਜੇ ਨਾਲ ਰੋਕ ਲਿਆ।

## ਪ੍ਰਸ਼ਨ :-

1. ਕਿੱਕਰ ਹੇਠ ਕੌਣ ਬੈਠੇ ਸਨ?
2. ਗੁੱਸੇ ਵਿੱਚ ਆ ਕੇ ਵਲੀ ਕੰਧਾਰੀ ਨੇ ਕੀ ਕੀਤਾ?
3. ਚਟਾਨ ਆਉਂਦੀ ਵੇਖ ਬਾਬੇ ਨਾਨਕ ਨੇ ਮਰਦਾਨੇ ਨੂੰ ਕੀ ਬੋਲਣ ਲਈ ਕਿਹਾ?
4. ਗੁਰੂ ਨਾਨਕ ਨੇ ਪਹਾੜੀ ਨੂੰ ਕਿਵੇਂ ਰੋਕਿਆ?

2. ਦੂਰ ਕਿਤੇ ਇਕ ਸ਼ਹਿਰ ਵਿਚ ਫ਼ਰੰਗੀ ਨੇ ਨਿਹੱਥੇ ਹਿੰਦੁਸਤਾਨੀਆਂ ਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਮਾਰ ਸੁੱਟਿਆ ਸੀ। ਮਰਨ ਵਾਲਿਆ ਵਿੱਚ ਨੌਜਵਾਨ ਵੀ ਸਨ, ਬੁੱਢੇ ਵੀ ਸਨ, ਔਰਤਾਂ ਵੀ ਸਨ, ਬੱਚੇ ਵੀ ਸਨ ਤੇ ਜਿਹੜੇ ਬਾਕੀ ਰਹਿ ਗਏ, ਉਨ੍ਹਾਂ ਨੂੰ ਗੱਡੀ ਵਿੱਚ ਪਾ ਕੇ ਕਿਸੇ ਹੋਰ ਸ਼ਹਿਰ ਦੀ ਜੇਲ੍ਹ ਵਿੱਚ ਭੇਜਿਆ ਜਾ ਰਿਹਾ ਸੀ। ਕੈਦੀ ਭੁੱਖੇ ਸਨ, ਪਿਆਸੇ ਸਨ।

## ਪ੍ਰਸ਼ਨ :-

1. ਫ਼ਰੰਗੀ ਨੇ ਕਿਨ੍ਹਾਂ ਤੇ ਗੋਲੀ ਚਲਾਈ?
2. ਮਰਨ ਵਾਲਿਆਂ ਵਿੱਚ ਕੌਣ-ਕੌਣ ਸਨ?
3. ਕੈਦੀਆਂ ਨੂੰ ਕਿੱਥੇ ਭੇਜਿਆ ਜਾ ਰਿਹਾਂ ਸੀ?
4. ਕੈਦੀਆਂ ਦਾ ਕੀ ਹਾਲ ਸੀ?

ਉਹ ਸੋਚਦੀ (ਦਲੀਪ ਕੌਰ ਟਿਵਾਣਾ)

## ਪ੍ਰਸ਼ਨ :-

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

1. 'ਉਹ ਸੋਚਦੀ' ਕਹਾਣੀ ਕਿਸ ਦੀ ਰਚਨਾ ਹੈ?
2. 'ਉਹ ਸੋਚਦੀ' ਕਹਾਣੀ ਦੀ ਮੁੱਖ ਪਾਤਰ ਕੌਣ ਹੈ?
3. ਜੀਤੀ ਦੀ ਮਾਂ ਆਪਣੀ ਸੱਸ (ਜੀਤੀ ਦੀ ਦਾਦੀ) ਨਾਲ ਕਿਹੋ ਜਿਹਾ ਸਲੂਕ ਕਰਦੀ ਸੀ?
4. ਜੀਤੀ ਕਿਸ ਦੀ ਮੌਤ ਉੱਤੇ ਸੋਚ-ਸੋਚ ਕੇ ਪਰੇਸ਼ਾਨ ਸੀ?
5. ਜੀਤੀ ਦੇ ਪਿਤਾ ਜੀ ਨੇ ਦਾਦੀ ਬਾਰੇ ਕੀ ਲਿਖਣ ਲਈ ਕਿਹਾ ਸੀ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ

1. ਜੀਤੀ ਆਪਣੇ ਪਿਤਾ ਜੀ ਨੂੰ ਕੀ ਦੱਸਣਾ ਚਾਹੁੰਦੀ ਸੀ ਅਤੇ ਕਿਉਂ ਨਹੀਂ ਸੀ ਦੱਸਦੀ?
2. 'ਉਹ ਸੋਚਦੀ' ਕਹਾਣੀ ਵਿੱਚੋ ਉਦਾਹਰਨਾਂ ਦੇ ਕੇ ਦੱਸੋ ਕਿ ਜੀਤੀ ਆਪਣੀ ਦਾਦੀ ਨੂੰ ਬੜਾ ਪਿਆਰ ਕਰਦੀ ਸੀ?
3. ਜੇ ਤੁਸੀ ਜੀਤੀ ਦੀ ਥਾ ਹੁੰਦੇ ਤਾਂ ਕੀ ਕਰਦੇ?
4. ਉਹ ਕਿਹੜੀਆਂ ਗੱਲਾਂ ਸਨ, ਜਿਨ੍ਹਾਂ ਕਰਕੇ ਜੀਤੀ ਨੂੰ ਆਪਣੀ ਦਾਦੀ ਚੰਗੀ ਨਹੀਂ ਸੀ ਲੱਗਦੀ?

3. ਪੈਰ੍ਹੇ ਦੇ ਅਧਾਰ ਤੇ ਪ੍ਰਸ਼ਨ

1. ਹੁਣ ਦਾਦੀ ਛੇ ਮਹੀਨੇ ਤੋਂ ਮੰਜੇ ਤੇ ਪਈ ਸੀ ਤੇ ਦਿਨ ਪਰ ਦਿਨ ਥੱਲੇ ਲੱਗਦੀ ਜਾਂਦੀ ਸੀ। ਇਸ ਕਰਕੇ ਪਿਛਲੀ ਵਾਰੀ ਜਦੋਂ ਉਹਦੇ ਪਿਤਾ ਜੀ ਕੰਮ ਤੇ ਜਾਣ ਲੱਗੇ ਤਾਂ ਜੀਤੀ ਨੂੰ ਕਹਿ ਗਏ ਸੀ, "ਤੇਰੀ ਮਾਂ ਨੂੰ ਤਾਂ ਜਾਣਦਾ ਈ ਆਂ ਜੀਤੀ। ਮਾਂ ਦਾ ਤੂੰ ਖ਼ਿਆਲ ਰੱਖੀ; ਖ਼ਬਰੇ ਕੈ ਦਿਨ ਦਾ ਚਮਤਕਾਰ ਐ। ਇਹਨੂੰ ਕਿਸੇ ਗੱਲੋਂ ਔਖੀ ਨਾ ਹੋਣ ਦੇਈ ਤੇ ਮੈਨੂੰ ਇਹਦੀ ਹਾਲਤ ਦਾ ਖਤ ਪਾਉਂਦੀ ਰਹੀ।" ਦਾਦੀ ਬੀਮਾਰ ਕਹਾਦੀ ਹੋਈ ਸੀ ਕਿ ਉਹ ਹਰ ਵੇਲੇ ਅੱਕ ਕੇ ਬੋਲਦੀ ਤੇ ਕਹਿੰਦੀ, "ਕੁੜੇ ਤੁਸੀਂ ਕਿੱਧਰ ਮਰ ਗਈਓ"।

### ਪ੍ਰਸ਼ਨ :-

1. ਦਾਦੀ ਕਿੰਨੇ ਮਹੀਨਿਆਂ ਤੋਂ ਮੰਜੇ ਤੇ ਪਈ ਸੀ?
2. ਕੰਮ ਤੇ ਜਾਣ ਸਮੇਂ ਜੀਤੀ ਦੇ ਪਿਤਾ ਜੀ ਨੂੰ ਕਿਸ ਦੀ ਚਿੰਤਾ ਸੀ?
3. ਜੀਤੀ ਤੇ ਪਿਤਾ ਜੀ ਜੀਤੀ ਨੂੰ ਕੀ ਕਹਿ ਕੇ ਗਏ ਸਨ?
4. ਬੀਮਾਰ ਦਾਦੀ ਕੀ ਬੋਲਦੀ ਸੀ?

2. ਉਹ ਬੜਾ ਹੀ ਪਛਤਾਉਂਦੀ ਕਿ ਜਿਉਂਦੀ ਤੋ ਉਸ ਨੂੰ ਇਹ ਖ਼ਿਆਲ ਕਿਉਂ ਨਾ ਆਇਆ ਕਿ ਦਾਦੀ ਤਾਂ ਬਸ ਕੁਝ ਸਾਲਾਂ ਦੀ ਹੀ ਪ੍ਰਾਹਣੀ ਹੈ........ ਬਸ ਕੰਢੇ ਉੱਤੇ ਰੁੱਖੜਾ। ..........ਦਾਦੀ ਹੁਣ ਉਸ ਨੂੰ ਬੜੀ ਹੀ ਯਾਦ ਆਉਂਦੀ। ਦਾਦੀ ਦੀ ਬਾਹਰ ਅੰਦਰ ਜਾਣ ਵਾਲੀ ਸੋਟੀ ਉਸ ਨੇ ਸਾਂਭ ਕੇ ਰੱਖ ਛੱਡੀ ਸੀ। ਦਾਦੀ ਦੀ ਮੂੰਗਿਆਂ ਦੀ ਮਾਲਾ ਨੂੰ ਉਹ ਕਈ ਵਾਰੀ ਸੰਦੂਕ ਵਿੱਚੋ ਕੱਢ ਕੇ ਵੇਖਦੀ।

### ਪ੍ਰਸ਼ਨ :-

1. ਜੀਤੀ ਕਿਉਂ ਪਛਤਾਉਂਦੀ ਸੀ?
2. ਜੀਤੀ ਨੂੰ ਕਿਸ ਦੀ ਯਾਦ ਆਉਂਦੀ ਸੀ?
3. ਜੀਤੀ ਨੇ ਦਾਦੀ ਦੀ ਕਿਹੜੀ ਚੀਜ਼ ਸਾਂਭ ਕੇ ਰੱਖੀ ਹੋਈ ਸੀ?
4. ਜੀਤੀ ਸੰਦੂਕ ਵਿੱਚੋ ਕੀ ਵੇਖਦੀ ਸੀ?

## ਕਸਤੂਰੀ ਵਾਲਾ ਮਿਰਗ (ਗੁਰਬਚਨ ਸਿੰਘ ਭੁੱਲਰ)

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. ਗੁਰਬਚਨ ਸਿੰਘ ਭੁੱਲਰ ਦੀ ਕਿਹੜੀ ਕਹਾਣੀ ਤੁਹਾਡੀ ਪੁਸਤਕ ਵਿਚ ਦਰਜ ਹੈ?

2. 'ਕਸਤੂਰੀ ਵਾਲਾ ਮਿਰਗ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?

3. 'ਕਸਤੂਰੀ ਵਾਲਾ ਮਿਰਗ' ਕਹਾਣੀ ਵਿਚ ਕਸਤੂਰੀ ਵਾਲਾ ਮਿਰਗ ਕਿਸ ਨੂੰ ਕਿਹਾ ਗਿਆ ਹੈ?

4. ਮੁਹਾਵਰਾ 'ਖੱਬੇ ਹੱਥ ਦਾ ਕੰਮ' ਤੋਂ ਕੀ ਭਾਵ ਹੈ।

5. ਲੇਖਕ ਪਿੰਡ ਛੱਡ ਕੇ ਕਿਹੜੇ ਸ਼ਹਿਰ ਆਇਆ ਸੀ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਸਰਦਾਰ ਉੱਤਮ ਸਿੰਘ ਸੰਧੂ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ।

2. ਲੇਖਕ ਨੂੰ ਐਮ.ਏ. ਪਾਸ ਕਰਨ ਦੀ ਵਧਾਈ ਦਿੰਦਿਆਂ ਹੋਇਆਂ ਸਰਦਾਰ ਉੱਤਮ ਸਿੰਘ ਸੰਧੂ ਨੇ ਕੀ-ਕੀ ਵਡਿਆਈ ਕੀਤੀ?

3. ਸਰਦਾਰ ਉੱਤਮ ਸਿੰਘ ਦੀ ਯੂ.ਪੀ. ਵਾਲੀ ਜ਼ਮੀਨ ਦਾ ਕੀ ਝਗੜਾ ਸੀ?

4. 'ਕਸਤੂਰੀ ਵਾਲਾ ਮਿਰਗ' ਕਹਾਣੀ ਵਿੱਚ ਕਿਸਨੇ ਕਿਸ ਨੂੰ ਕਸਤੂਰੀ ਵਾਲਾ ਮਿਰਗ ਕਿਹਾ ਹੈ ਅਤੇ ਕਿਉਂ?

3. ਪੈਰ੍ਹੇ ਦੇ ਆਧਾਰ ਤੇ ਪ੍ਰਸ਼ਨ :-

1. ਸਰਦਾਰ ਉੱਤਮ ਸਿੰਘ ਸੰਧੂ ਨਾਲ ਮੇਰਾ ਪਹਿਲਾਂ ਨਿੱਜੀ ਵਾਹ ਉਸ ਸਮੇਂ ਪਿਆ, ਜਦੋਂ ਮੈਂ ਐਮ.ਏ. ਪਾਸ ਕੀਤਾ। ਏਡੇ ਵੱਡੇ ਪਿੰਡ ਵਿਚ ਮੈਂ ਐਮ. ਏ. ਪਾਸ ਕਰਨ ਵਾਲਾ ਪਹਿਲਾ ਨੌਜਵਾਨ ਸੀ। ਪਹਿਲੀ ਤੋਂ ਹੀ ਸ਼ੁਰੂ ਕਰਕੇ ਹਰ ਜਮਾਤ ਵਿੱਚੋਂ ਮੁੰਡੇ ਗਿਣਤੀ ਵਿੱਚ ਝੜਦੇ ਜਾਂਦੇ ਸਨ ਤੇ ਆਖ਼ਰ ਪਿੰਡ ਦੇ ਮਿਡਲ ਸਕੂਲ ਵਿਚੋਂ ਮੁਸ਼ਕਲ ਨਾਲ ਵੀਹ-ਪੱਚੀ ਮੁੰਡੇ ਹੀ ਪਾਸ ਹੋ ਕੇ ਨਿਕਲਦੇ ਸਨ। ਉਹਨ੍ਹਾਂ ਵਿਚੋਂ ਅੱਧ-ਪਚੱਧ ਹੀ ਸ਼ਹਿਰ ਦੇ ਹਾਈ ਸਕੂਲ ਵਿੱਚ ਪੁਜਦੇ ਅਤੇ ਫੇਰ ਮੈਟਰਿਕ ਵਿਚੋਂ ਪਾਸ-ਫ਼ੇਲ੍ਹ ਹੋ ਕੇ ਮੁੰਡੇ ਜ਼ਿੰਦਗੀ ਦੇ ਵੱਖ-ਵੱਖ ਰਾਹਾਂ ਉੱਤੇ ਪੈ ਜਾਂਦੇ- ਕੋਈ ਖੇਤੀ ਵਿੱਚ, ਕੋਈ ਪਟਵਾਰੀ, ਕੋਈ ਅਧਿਆਪਕ ਅਤੇ ਕੋਈ ਫ਼ੌਜ ਵਿੱਚ।

## ਪ੍ਰਸ਼ਨ :-

1. ਐਮ.ਏ. ਪਾਸ ਕਰਨ ਤੇ ਲੇਖਕ ਦਾ ਵਾਹ ਕਿਸ ਨਾਲ ਪਇਆ?

2. ਪਿੰਡ ਵਿਚੋ ਐਮ.ਏ. ਪਾਸ ਕਰਨ ਵਾਲਾ ਲੇਖਕ ਕਿੰਨਵਾਂ ਨੌਜਵਾਨ ਸੀ?

3. ਪਿੰਡ ਦੇ ਮਿਡਲ ਸਕੂਲ ਵਿੱਚੋ ਕਿੰਨੇ ਮੁੰਡੇ ਪਾਸ ਹੋਏ?

4. ਮੈਟਰਿਕ ਵਿਚੋਂ ਪਾਸ-ਫੇਲ੍ਹ ਹੋ ਕੇ ਮੁੰਡੇ ਕੀ-ਕੀ ਕੰਮ ਕਰਦੇ?

2. "ਤੇਰੇ ਲਈ ਖੱਬੇ ਹੱਥ ਦਾ ਕੰਮ ਹੈ", ਉਹ ਖੱਬੇ ਹੱਥ ਦੇ ਅੰਗੂਠੇ ਅਤੇ ਵਿਚਕਾਰਲੀ ਉਂਗਲ ਨਾਲ ਚੁਟਕੀ ਮਾਰਦੇ ਹਨ, "ਤੂੰ ਆਪ ਕਿਤੇ ਨਾ ਜਾ, ਬੱਸ ਮੈਨੂੰ ਯੂ.ਪੀ. ਦੇ ਮੁੱਖ-ਮੰਤਰੀ ਦੇ ਨਾਂ ਪ੍ਰਧਾਨ-ਮੰਤਰੀ ਦੀ ਚਿੱਠੀ ਲੈ ਦੇ।" ਮੇਰਾ ਉਹਨਾਂ ਤੋ ਹੱਥ ਛੁਡਵਾ ਕੇ ਨੇੜੇ ਦੀ ਕੰਧ ਵਿਚ ਮੱਥਾ ਮਾਰਨ ਨੂੰ ਜੀਅ ਕਰਦਾ ਹੈ। ਪਰ ਸਰਦਾਰ ਉੱਤਮ ਸਿੰਘ ਸੰਧੂ ਮੇਰਾ ਹੱਥ ਹੋਰ ਜ਼ੋਰ ਨਾਲ ਘੁੱਟ ਕੇ ਆਖ ਰਹੇ ਹਨ, "ਬਸ ਪ੍ਰਧਾਨ-ਮੰਤਰੀ ਤੋਂ ਇਹ ਚਾਰ ਲਫ਼ਜ਼ ਲਿਖਵਾਉਣੇ ਹਨ ਕਿ ਸਰਦਾਰ ਉੱਤਮ ਸਿੰਘ ਸੰਧੂ ਆਪਣਾ ਆਦਮੀ ਹੈ।"

## ਪ੍ਰਸ਼ਨ :-

1. ਉਹ ਕਿਸ ਹੱਥ ਦੇ ਅੰਗੂਠੇ ਅਤੇ ਵਿਚਕਾਰਲੀ ਉਂਗਲ ਨਾਲ ਚੁਟਕੀ ਮਾਰਦੇ ਹਨ?

2. ਸਰਦਾਰ ਉੱਤਮ ਸਿੰਘ ਸੰਧੂ ਲੇਖਕ ਤੋਂ ਕਿਸ ਦੇ ਨਾਂ ਦੀ ਚਿੱਠੀ ਕਿਸ ਤੋਂ ਲਿਖਵਾਉਣ ਲਈ ਕਹਿੰਦਾ ਹੈ?

3. ਲੇਖਕ ਦਾ ਜੀਅ ਕੀ ਕਰਨ ਨੂੰ ਕਰਦਾ ਹੈ?

4. ਸਰਦਾਰ ਉੱਤਮ ਸਿੰਘ ਸੰਧੂ ਪ੍ਰਧਾਨ ਮੰਤਰੀ ਤੋਂ ਕਿਹੜੇ ਚਾਰ ਲਫ਼ਜ਼ ਲਿਖਵਾਉਣੇ ਚਾਹੁੰਦਾ ਹੈ?

## ਗਸ਼ਤ (ਜਗਦੀਸ਼ ਕੌਸ਼ਲ)

## 1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ

1. 'ਗਸ਼ਤ' ਕਹਾਣੀ ਕਿਸ ਦੀ ਲਿਖੀ ਹੋਈ ਹੈ?
2. 'ਗਸ਼ਤ' ਕਹਾਣੀ ਵਿਚ ਚੌਂਕੀ ਇੰਚਾਰਜ ਕੌਣ ਹੈ?
3. 'ਗਸ਼ਤ' ਕਹਾਣੀ ਕਿਸ ਮਹਿਕਮੇ ਤੇ ਵਿਅੰਗ ਹੈ?
4. ਕਹਾਣੀ ਅਨੁਸਾਰ ਗਸ਼ਤ ਤੋਂ ਕੀ ਭਾਵ ਹੈ?
5. ਮੁਖਤਿਆਰ ਸਿੰਘ ਗਸ਼ਤ ਤੇ ਕਿਸ ਸਮੇਂ ਜਾਦਾ ਹੈ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ

1. ਗਸਤ ਉੱਤੇ ਜਾਣ ਵੇਲੇ ਮੁਖਤਿਆਰ ਸਿੰਘ ਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦੀ ਚਿੰਤਾ ਹੈ?
2. ਬਜ਼ਾਰ ਵਿੱਚੋਂ ਲੰਘਦਿਆਂ ਮੁਖਤਿਆਰ ਸਿੰਘ ਕਿਹੜੇ-ਕਿਹੜੇ ਢਾਬਿਆਂ ਜਾਂ ਹੋਟਲਾਂ ਉੱਤੇ ਨਹੀਂ ਰੁਕਦਾ?
3. "ਪਰ ਕੋਈ ਗੱਲ ਨਹੀਂ, ਕਦੇ ਤਾਂ ਬਰਫ਼ੀ ਦੀ ਸੁਲਾਹ ਮਾਰੂਗਾ ਈ।" ਇਹ ਸ਼ਬਦ ਕਿਸਨੇ ਕਿਹੇ ਅਤੇ ਕਿਉਂ ਕਿਹੇ?
4. ਮੁਖਤਿਆਰ ਸਿੰਘ ਵਰਗੇ ਕਾਨੂੰਨ ਦੇ ਰਾਖੇ ਜੇ ਲੋਕਾਂ ਕੋਲੋ ਮੁਫਤ ਚੀਜ਼ਾਂ ਲੈਂਦੇ ਰਹਿਣਗੇ ਤਾਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਰੋਕ ਨਹੀਂ ਸਕਣਗੇ - ਇਹ ਗੱਲ ਕਹਾਣੀ 'ਗਸ਼ਤ' ਵਿੱਚੋਂ ਉਦਾਹਰਨਾਂ ਦੇ ਕੇ ਸਪਸ਼ਟ ਕਰੋ।

## 3. ਪੈਰ੍ਹੇ ਦੇ ਅਧਾਰ ਤੇ ਪ੍ਰਸ਼ਨ

1. "ਜੇਬ-ਕਤਰਾ ਫੜਿਆ?" ਦੋਸਤ ਨੇ ਐਵੇਂ ਪੁਛਣ ਲਈ ਹੀ ਪੁੱਛਿਆ। "ਓਏ ਹੋਰ ਆਪਣਾ ਵਾਹ ਕਿਹੜਾ ਸਾਧਾਂ-ਸੰਤਾਂ ਨਾਲ ਪੈਂਦੈ।" ਫੇਰ ਕੁਝ ਪਲ ਰੁਕ ਕੇ, ਹਉਕਾ ਜਿਹਾ ਭਰਦਿਆਂ ਬੋਲਿਆ, "ਬੜੀ ਕੁੱਤੀ ਨੌਕਰੀ ਐ। ਹਮੇਸ਼ਾ ਚੋਰ-ਉੱਚਕਿਆਂ ਨਾਲ ਵਾਹ। ਗਾਲ੍ਹਾਂ ਦੇਣੀਆਂ, ਗਾਲ੍ਹਾਂ ਖਾਣੀਆਂ। ਉਤਲੇ ਅਫ਼ਸਰਾਂ ਵੱਲੋਂ, ਬਦਮਾਸ਼ਾਂ ਵੱਲੋਂ ਸਦਾ ਖ਼ਤਰਾ ਈ ਖ਼ਤਰਾ। ........ਚਲ ਛੱਡ ਹੋਰ ਸੁਣਾ ਫੇਰ, ਤੇਰੀ ਕੀ ਸੇਵਾ ਕਰੀਏ?" "ਥਾਣੇ ਵਾਲੀ ਸੇਵਾ ਤਾਂ ਕਰੀਂ ਨਾ, ਹੋਰ ਜੋ ਮਰਜ਼ੀ........." ਦੋਸਤ ਨੇ 'ਸੇਵਾ' ਸ਼ਬਦ ਉੱਤੇ ਜ਼ੋਰ ਦਿੰਦਿਆਂ ਕਿਹਾ।

## ਪ੍ਰਸ਼ਨ :-

1. ਉਪਰੋਕਤ ਪੈਰ੍ਹੇ ਅਨੁਸਾਰ ਕੌਣ ਫੜਿਆ ਗਿਆ?
2. ਕਿਸ ਨਾਲ ਵਾਹ ਪੈਂਦਾ ਹੈ?
3. ਪੁਲਿਸ ਨੂੰ ਕਿਨ੍ਹਾਂ-ਕਿਨ੍ਹਾਂ ਤੋਂ ਖ਼ਤਰਾ ਹੈ?
4. ਦੋਸਤ ਕਿਹੜੀ ਸੇਵਾ ਨਹੀਂ ਕਰਵਾਉਣੀ ਚਾਹੁੰਦਾ?

2. “ਫੇਰ?” ਮੁਖਤਿਆਰ ਸਿੰਘ ਸਵਾਲੀਆ ਨਿਸ਼ਾਨ ਬਣ ਕੇ ਖੜ੍ਹ ਗਿਆ। ਅਧਲੱਥੀ ਪੈਂਟ ਉਹਨੇ ਬੈਲਟ ਤੋਂ ਫੜ ਕੇ ਫੇਰ ਉਤਾਂਹ ਵੱਲ ਖਿੱਚ ਲਈ। “ਫੇਰ ਕੀ ਜੀ, ਸੇਵਾ ਕਰ ਕੇ ਮੋੜ ਤੇ”, ਨੱਛਤਰ ਸਿੰਘ ਮੁਸਕਰਾਇਆ। “ਓ ਬੱਲੇ ਓਏ ਨੱਛਤਰ ਸਿਆਂ ਨਹੀਂ ਰੀਸਾਂ ਤੇਰੀਆਂ ਤੇ ਉਹ ਰੱਲਾ ਰਾਮ ਹੋਰੀਂ ਕੀ ਕਰਦੇ ਐ?” “ਉਹ ਤੇ ਹਰਨੇਕ ਸਿਹੁੰ ਗਸ਼ਤ ਕਰਨ ਗਏ ਐ।”

## ਪ੍ਰਸ਼ਨ :-

1. ਕੌਣ ਸਵਾਲੀਆ ਨਿਸ਼ਾਨ ਬਣ ਕੇ ਖੜ੍ਹੋ ਗਿਆ?
2. ਅਧਲੱਥੀ ਪੈਂਟ ਦਾ ਉਹਨੇ ਕੀ ਕੀਤਾ?
3. ਸ਼ਬਦ 'ਨਹੀਂ ਰੀਸਾਂ ਤੇਰੀਆਂ' ਕਿਸ ਨੂੰ ਕਹੇ ਗਏ?
4. ਗਸ਼ਤ ਕਰਨ ਕੌਣ-ਕੌਣ ਗਏ?

# ਦੁਸ਼ਮਣ (ਇਕਾਂਗੀ- ਗੁਰਚਰਨ ਸਿੰਘ ਜਸੂਜਾ)

## 100-125 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ

1. ਦੁਕਾਨਦਾਰ ਖਾਣ ਦੀਆਂ ਚੀਜ਼ਾਂ ਵਿੱਚ ਕੀ-ਕੀ ਮਿਲਾਵਟਾਂ ਕਰਦੇ ਹਨ?
2. ਬਿਮਲਾ ਕੌਣ ਹੈ ਅਤੇ ਉਹ ਰਘੁਨਾਥ ਨੂੰ ਕੀ ਉਲਾਂਭਾ ਦਿੰਦੀ ਹੈ?
3. ਰਘੁਨਾਥ ਦੀ ਪਾਤਰ-ਉਸਾਰੀ ਕਰੋ।

# ਕੋਊ ਨ ਨਿਬਹਿਓ ਸਾਥਿ

# (ਇਕਾਂਗੀ:- ਪਾਂਧੀ ਨਨਕਾਣਵੀਂ)

## 100-125 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ

1. ਦਸੌਧਾ ਸਿੰਘ ਦਾ ਆਪਣੇ ਮਿੱਤਰਾਂ ਬਾਰੇ ਕੀ ਵਿਸ਼ਵਾਸ ਸੀ? ਉਹਦਾ ਇਹ ਵਿਸ਼ਵਾਸ ਕਿਵੇਂ ਟੁੱਟ ਗਿਆ?
2. ਇਕਾਂਗੀ 'ਕੋਊ ਨ ਨਿਬਹਿਓ ਸਾਥਿ' ਦਾ ਸਿਰਲੇਖ ਕਿੰਨਾ ਢੁਕਵਾਂ ਹੈ ਅਤੇ ਕਿਉਂ?
3. ਜੇ ਤੁਹਾਡੇ ਕੋਲ ਵਧੇਰੇ ਪੈਸੇ ਹੋਣ ਤਾਂ ਤੁਸੀਂ ਵਪਾਰੀ ਕੋਲ ਪੈਸਾ ਵੱਧ ਸੂਦ ਉੱਤੇ ਦਿਓਗੇ ਕਿ ਡਾਕਖਾਨੇ ਜਾਂ ਬੈਂਕ ਰੱਖੋਗੇ ਅਤੇ ਕਿਉਂ?

## ਟਾਲਸਟਾਏ (ਜੀਵਨੀ:- ਡਾ. ਹਰਿਭਜਨ ਸਿੰਘ)

1. ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਟਾਲਸਟਾਏ ਨੇ ਕਿਹੜਾ ਨਾਵਲ ਲਿਖਿਆ?

2. ਟਾਲਸਟਾਏ ਕਿੱਥੇ ਪਹੁੰਚ ਕੇ ਤੀਰ ਵਾਂਗੂ ਸਿੱਧਾ ਹੋ ਗਿਆ?

3. ਟਾਲਸਟਾਏ ਦਾ ਪਾਲਣ-ਪੋਸ਼ਣ ਕਿਸ ਇਸਤਰੀ ਨੇ ਕੀਤਾ?

4. ਟਾਲਸਟਾਏ ਕਿੱਥੋਂ ਦਾ ਲੇਖਕ ਸੀ?

5. ਟਾਲਸਟਾਏ ਦੀ ਪਤਨੀ ਦਾ ਕੀ ਨਾਂ ਸੀ?

### 2. 40-50 ਸ਼ਬਦਾ ਦੇ ਉੱਤਰ ਵਾਲੇ ਪ੍ਰਸ਼ਨ :-

1. ਟਾਲਸਟਾਏ ਨੂੰ ਸਕੂਲ ਤੋਂ ਕਿਉਂ ਨਫ਼ਰਤ ਸੀ?

2. ਟਾਲਸਟਾਏ ਦਾ ਦਿੱਲ ਯੁੱਧ ਤੋਂ ਕਿਉਂ ਨਫ਼ਰਤ ਕਰਦਾ ਸੀ?

3. ਟਾਲਸਟਾਏ ਦੀ ਮੌਤ ਕਿਵੇਂ ਹੋਈ?

# ਡਾ. ਸਰਵਪੱਲੀ ਰਾਧਾਕ੍ਰਿਸ਼ਨਨ

## (ਡਾ. ਗੁਰਚਰਨ ਸਿੰਘ)

1. ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. 5 ਸਤੰਬਰ ਦਾ ਦਿਨ ਕਿਸ ਰੂਪ ਵਿੱਚ ਮਨਾਇਆ ਜਾਂਦਾ ਹੈ?

2. ਡਾ. ਰਾਧਾ ਕ੍ਰਿਸ਼ਨਨ ਨੂੰ ਭਾਰਤ ਦਾ ਕਿਹੜਾ ਸਭ ਤੋਂ ਵੱਡਾ ਸਨਮਾਨ ਪ੍ਰਾਪਤ ਹੋਇਆ?

3. ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਕੌਣ ਸਨ?

4. ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਕਿੱਥੋਂ ਦੇ ਰਹਿਣ ਵਾਲੇ ਸਨ?

5. ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਭਾਰਤ ਦੇ ਰਾਸ਼ਟਰਪਤੀ ਕਦੋਂ ਬਣੇ?

### 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਗਾਂਧੀ ਜੀ ਨੇ ਡਾ. ਰਾਧਾ ਕ੍ਰਿਸ਼ਨਨ ਨੂੰ ਕਿਵੇਂ ਸਨਮਾਨਿਤ ਕੀਤਾ?

2. ਡਾ. ਰਾਧਾ ਕ੍ਰਿਸ਼ਨਨ ਦਾ ਪਹਿਰਾਵਾ ਕਿਸ ਤਰ੍ਹਾਂ ਦਾ ਸੀ?

3. ਡਾ. ਰਾਧਾ ਕ੍ਰਿਸ਼ਨਨ ਦੇ ਬਾਰੇ ਤੁਸੀਂ ਕੀ ਜਾਣਦੇ ਹੋ?

# ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ

## (ਅਸ਼ੋਕ ਸ਼ਰਮਾਂ)

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਬਾਬਾ ਗੁਰਦਿੱਤ ਸਿੰਘ ਜੀ ਭਾਰਤੀਆਂ ਨੂੰ ਕਿੱਥੇ ਪਹੁੰਚਾਉਣਾ ਚਾਹੁੰਦੇ ਸਨ?

2. ਬਾਬਾ ਮੋਹਨ ਸਿੰਘ ਭਕਨਾ ਕਿਸ ਲਹਿਰ ਦੇ ਮੋਢੀ ਸਨ?

3. ਬਾਬਾ ਗੁਰਦਿੱਤ ਸਿੰਘ ਜੀ ਨੇ ਕਿਹੜਾ ਜਹਾਜ਼ ਠੇਕੇ ਤੇ ਲਿਆ ਸੀ?

4. ਬਾਬਾ ਗੁਰਦਿੱਤ ਸਿੰਘ ਜੀ ਕਿੰਨੇ ਸਾਲ ਗੁਪਤਵਾਸੀ ਰਹੇ?

5. 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਨੂੰ ਕਿੱਥੇ ਲਿਆ ਕੇ ਛੱਡਿਆ?

**2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-**

1. ਪੰਜਾਬੀ ਕਿਸਾਨ ਕੈਨੇਡਾ ਕਿਉਂ ਜਾਣਾ ਚਾਹੁੰਦੇ ਸਨ?

2. ਸ਼ਬਦ 'ਕਾਮਾਗਾਟਾ ਮਾਰੂ' ਬਾਬਾ ਗੁਰਦਿੱਤ ਸਿੰਘ ਦੇ ਨਾਂ ਦਾ ਹਿੱਸਾ ਕਿਵੇਂ ਬਣ ਗਿਆ?

3. ਵਿਦੇਸਾਂ ਵਿੱਚ ਭਾਰਤੀਆਂ ਨੂੰ ਆਪਣੇ ਨਾਲ ਹੁੰਦੇ ਦੁਰਵਿਹਾਰ ਕਾਰਨ ਕੀ ਸਮਝ ਆਈ?

## ਗੁਰੂ ਤੇਗ਼ ਬਹਾਦਰ ਜੀ (ਗੁਰਚਰਨ ਸਿੰਘ ਸਰਾਅ)

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਗੁਰੂ ਤੇਗ਼ ਬਹਾਦਰ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?

2. ਗੁਰੂ ਤੇਗ਼ ਬਹਾਦਰ ਜੀ ਦੇ ਪੁੱਤਰ ਦਾ ਨਾਂ ਕੀ ਸੀ?

3. ਗੁਰੂ ਤੇਗ਼ ਬਹਾਦਰ ਜੀ ਨੂੰ ਕਿੱਥੇ ਸ਼ਹੀਦ ਕੀਤਾ ਗਿਆ ਸੀ?

4. ਗੁਰੂ ਤੇਗ਼ ਬਹਾਦਰ ਜੀ ਦੇ ਧੜ ਦੇ ਸਸਕਾਰ ਕਿੱਥੇ ਹੋਏ?

5. ਗੁਰੂ ਲਾਧੋ ਰੇ! ਗੁਰੂ ਲਾਧੋ ਰੇ! ਇਹ ਸ਼ਬਦ ਕਿਸ ਨੇ ਕਿਹੇ?

**2. 40-50 ਸ਼ਬਦਾ ਦੇ ਉੱਤਰ ਵਾਲੇ ਪ੍ਰਸ਼ਨ:-**

1. ਨੌਵੇਂ ਗੁਰੂ ਜੀ ਦਾ ਨਾਂ ਤਿਆਗ ਮੱਲ ਤੋ ਤੇਗ਼ ਬਹਾਦਰ ਕਿਵੇਂ ਪਿਆ?

2. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਅਦੁੱਤੀ ਕਿਉਂ ਕਿਹਾ ਜਾਂਦਾ ਹੈ?

3. ਕਸ਼ਮੀਰੀ ਪੰਡਿਤਾਂ ਅਤੇ ਗੁਰੂ ਜੀ ਵਿਚਕਾਰ ਕੀ ਗੱਲਬਾਤ ਹੋਈ ਅਤੇ ਬਾਲਕ ਗੋਬਿੰਦ ਨੇ ਕੀ ਸੁਝਾਅ ਦਿੱਤਾ?

# "ਸਾਹਿਤ ਦੀਪਿਕਾ"

# ਗੁਰੂ ਨਾਨਕ ਦੇਵ ਜੀ (ਸੋ ਕਿਉਂ ਮੰਦਾ ਆਖੀਐ)

## ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. 'ਸੋ ਕਿਉਂ ਮੰਦਾ ਆਖੀਐ' ਕਿਸ ਦੀ ਰਚਨਾ ਹੈ?

2. 'ਸੋ ਕਿਉਂ ਮੰਦਾ ਆਖੀਐ' ਵਿੱਚ ਕਿਸ ਨੂੰ ਮੰਦਾ ਬੋਲਣ ਲਈ ਨਹੀਂ ਕਿਹਾ ਗਿਆ?

3. 'ਭੰਡੁ' ਸ਼ਬਦ ਦਾ ਕੀ ਅਰਥ ਹੈ?

4. ਗੁਰੂ ਨਾਨਕ ਦੇਵ ਜੀ ਨੇ ਜਨਮ ਤੋਂ ਮਰਨ ਤੱਕ ਦੇ ਜੀਵਨ ਵਿੱਚ ਕਿਸ ਦੀ ਲੋੜ ਅਤੇ ਪ੍ਰਧਾਨਤਾ ਦਾ ਜ਼ਿਕਰ ਕੀਤਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਇਸਤਰੀ ਦੀ ਸੰਸਾਰ ਵਿੱਚ ਕੀ ਮਹਾਨਤਾ ਹੈ?

2. ਇਸਤਰੀ ਦਾ ਅਪਮਾਨ ਕਿਉਂ ਨਹੀਂ ਕਰਨਾ ਚਾਹੀਦਾ?

ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

## ਪ੍ਰਸ਼ਨ :-

1. ਇਸ ਕਾਵਿ ਬੰਦ ਦਾ ਸਿਰਲੇਖ ਅਤੇ ਇਸ ਦੇ ਰਚਨਹਾਰ ਦਾ ਨਾਂ ਲਿਖੋ।

2. ਇਸਤਰੀ ਨੂੰ ਮੰਦਾ ਕਿਉਂ ਨਹੀਂ ਕਹਿਣਾ ਚਾਹੀਦਾ?

3. ਗੁਰੂ ਜੀ ਨੇ ਕਿਸ ਨਾਲ ਦੋਸਤੀ ਬਾਰੇ ਕਿਹਾ ਹੈ?

4. 'ਬੰਧਾਨੁ' ਸ਼ਬਦ ਦਾ ਕੀ ਅਰਥ ਹੈ?

# "ਬਾਬਰਵਾਣੀ ਫਿਰਿ ਗਈ"

## ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. 'ਬਾਬਰਵਾਣੀ ਫਿਰਿ ਗਈ' ਸ਼ਬਦ ਕਿਸ ਦੀ ਰਚਨਾ ਹੈ?

2. ਗੁਰੂ ਜੀ ਨੇ ਇਸ ਸ਼ਬਦ ਵਿੱਚ ਕਿਸ ਦੇ ਹਮਲੇ ਬਾਰੇ ਦੱਸਿਆ ਹੈ?

3. ਔਰਤਾਂ ਦੇ ਕਿਹੜੇ ਗੁਣ ਹੀ ਦੋਸ਼ ਬਣ ਗਏ?

4. ਵਿਆਹ ਪਿੱਛੋਂ ਕੀ ਸ਼ਗਨ ਕੀਤੇ ਜਾਂਦੇ ਹਨ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਬਾਬਰ ਨੇ ਭਾਰਤੀ ਇਸਤਰੀਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ?

2. ਬਾਬਰ ਦੇ ਹਮਲੇ ਸਮੇਂ ਭਾਰਤ ਦੇ ਹਾਲਾਤ ਕਿਸ ਤਰ੍ਹਾਂ ਦੇ ਸਨ?

## ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਧਨ ਜੋਬਨੁ ਦੁਇ ਵੈਰੀ ਹੋਇ ਜਿਨੀ ਰਖੇ ਰੰਗੁ ਲਾਇ॥
ਦੂਤਾ ਨੋ ਫਰਮਾਇਆ ਲੈ ਚਲੇ ਪਤਿ ਗਵਾਇ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥

## ਪ੍ਰਸ਼ਨ :-

1. ਇਹ ਸ਼ਬਦ ਕਿਸ ਦੀ ਰਚਨਾ ਹੈ?
2. ਕਿਹੜੀਆਂ ਚੀਜਾਂ ਔਰਤਾਂ ਦੀਆਂ ਵੈਰੀ ਬਣ ਗਈਆਂ?
3. ਪਰਮਾਤਮਾ ਕਿਸ ਨੂੰ ਵਡਿਆਈ ਦਿੰਦਾ ਹੈ?
4. ਧਨ ਅਤੇ ਜੋਬਨ ਦਾ ਕੀ ਅਰਥ ਹੈ?

# ਗੁਰੂ ਅਮਰਦਾਸ ਜੀ (ਅਨੰਦ ਦੀ ਪ੍ਰਾਪਤੀ)

## ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. 'ਅਨੰਦ ਦੀ ਪ੍ਰਾਪਤੀ' ਸ਼ਬਦ ਕਿਸ ਦੀ ਰਚਨਾ ਹੈ?
2. ਅਨੰਦ ਦੀ ਪ੍ਰਾਪਤੀ ਕਿਸ ਰਾਹੀ ਹੁੰਦੀ ਹੈ?
3. ਗੁਰੂ ਅਮਰਦਾਸ ਜੀ ਸਿੱਖਾਂ ਦੇ ਕਿੰਨਵੇਂ ਗੁਰੂ ਸਨ?
4. ਜੀਵ ਕਦੋਂ ਸੰਸਾਰਕ ਦੁੱਖਾਂ ਤੋਂ ਦੂਰ ਹੋ ਜਾਂਦਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਪਰਮਾਤਮਾ ਨਾਲ ਸਦਾ ਚਿੱਤ ਲਾਈ ਰੱਖਣ ਨਾਲ ਸਾਨੂੰ ਕੀ ਸੁੱਖ ਮਿਲਦੇ ਹਨ?
2. ਅਨੰਦ ਦੀ ਪ੍ਰਾਪਤੀ ਤੋਂ ਬਾਅਦ ਦੀ ਅਵਸਥਾ ਦਾ ਵਰਣਨ ਕਰੋ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ:-

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕ ਮਨ ਮੇਰੇ ਸਦਾ ਰਹੁ ਹਰਿ ਨਾਲੇ॥

### ਪ੍ਰਸ਼ਨ:-

1. ਇਸ ਸ਼ਬਦ ਦਾ ਨਾਂ ਅਤੇ ਰਚਨਹਾਰ ਦਾ ਨਾਂ ਲਿਖੋ।
2. ਕਿਸ ਨਾਲ ਰਹਿ ਕੇ ਸਭ ਦੁੱਖ ਦੂਰ ਹੋ ਜਾਂਦੇ ਹਨ?
3. ਇਹ ਸ਼ਬਦ ਗੁਰੂ ਜੀ ਦੀ ਕਿਸ ਰਚਨਾ ਵਿੱਚੋਂ ਲਿਆ ਗਿਆ ਹੈ?
4. ਗੁਰੂ ਜੀ ਮਨ ਨੂੰ ਕਿਸ ਨਾਲ ਜੁੜੇ ਰਹਿਣ ਲਈ ਕਹਿੰਦੇ ਹਨ?

# "ਕਿਰਪਾ ਕਰਿ ਕੈ ਬਖਸਿ ਲੈਹੁ"

## ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਮਨੁੱਖ ਦਾ ਸੁਭਾਵ ਕਿਸ ਤਰ੍ਹਾਂ ਦਾ ਹੈ?
2. ਸੰਸਾਰ ਵਿੱਚ ਕਿਨ੍ਹਾਂ ਦੀ ਜੈ-ਜੈ ਕਾਰ ਹੁੰਦੀ ਹੈ?
3. 'ਕਿਰਪਾ ਕਰਿ ਕੈ ਬਖਸਿ ਲੈਹੁ' ਕਿਸ ਦੀ ਰਚਨਾ ਹੈ?
4. ਸਤਿਗੁਰੂ ਕੋਲੋਂ ਕੀ ਮੰਗਣਾ ਚਾਹੀਦਾ ਹੈ?

## 40-50 ਸ਼ਬਦਾ ਦੇ ਉੱਤਰ ਵਾਲੇ ਪ੍ਰਸ਼ਨ :-

1. 'ਕਿਰਪਾ ਕਰਿ ਕੈ ਬਖਸਿ ਲੈਹੁ' ਤੋਂ ਕੀ ਭਾਵ ਹੈ?
2. ਅਸੀਂ ਪਰਮਾਤਮਾ ਅੱਗੇ ਕੀ ਅਰਦਾਸ ਕਰਦੇ ਹਾਂ?

## ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਅਸੀਂ ਖਤੇ ਬਹੁਤੁ ਕਮਾਵਦੇ ਅੰਤ ਨ ਪਾਰਾਵਾਰੁ॥
ਹਰਿ ਕਿਰਪਾ ਕਰਿ ਕੇ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ

### ਪ੍ਰਸ਼ਨ :-

1. ਇਸ ਕਾਵਿ-ਬੰਦ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਗੁਨਾਹਗਾਰ ਕੌਣ ਹੈ?
3. 'ਬਖਸ਼ਨਹਾਰ' ਕਿਸ ਨੂੰ ਕਿਹਾ ਗਿਆ ਹੈ?
4. 'ਪਾਰਾਵਾਰੁ' ਸ਼ਬਦ ਤੋਂ ਕੀ ਭਾਵ ਹੈ?

# ਗੁਰੂ ਅਰਜਨ ਦੇਵ ਜੀ

## "ਮੇਰਾ ਮਨੁ ਲੋਚੈ"

## ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਗੁਰੂ ਅਰਜਨ ਦੇਵ ਜੀ ਦਾ ਮਨ ਦੀ ਲੋਚਾ ਕੀ ਹੈ?
2. ਗੁਰੂ ਅਰਜਨ ਦੇਵ ਜੀ ਅਨੁਸਾਰ ਕਿਹੜਾ ਦੇਸ ਧੰਨ ਹੈ?
3. ਗੁਰੂ ਪਿਤਾ ਦੇ ਦਰਸ਼ਨ ਕਰਨ ਤੋਂ ਬਾਅਦ ਗੁਰੂ ਜੀ ਆਪਣੇ-ਆਪ ਨੂੰ ਕਿਹੋ ਜਿਹਾ ਮਹਿਸੂਸ ਕਰਦੇ ਹਨ?
4. ਵਿਯੋਗ ਕਾਰਨ ਗੁਰੂ ਸਾਹਿਬ ਦੇ ਮਨ ਦੀ ਅਵਸਥਾ ਕਿਹੋ-ਜਿਹੀ ਹੈ?
5. 'ਮੇਰਾ ਮਨੁ ਲੋਚੈ' ਸ਼ਬਦ ਕਿਸ ਦੀ ਰਚਨਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਗੁਰੂ ਪਿਤਾ ਦੇ ਮਿਲਾਪ ਤੋਂ ਬਾਅਦ ਗੁਰੂ ਸਾਹਿਬ ਜੀ ਦੀ ਮਨ ਦੀ ਅਵਸਥਾ ਕੀ ਹੈ?

## ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਇੱਕ ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨ ਦੇਖੇ ਗੁਰ ਦਰਬਾਰੇ ਜੀਉ॥

## ਪ੍ਰਸ਼ਨ :-

1. ਇਸ ਸ਼ਬਦ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਇੱਕ ਘੜੀ ਕਲਯੁਗ ਦੇ ਬਰਾਬਰ ਕਿਉਂ ਲੱਗਦੀ ਹੈ?
3. ਗੁਰੂ ਜੀ ਨੂੰ ਨੀਂਦ ਕਿਉਂ ਨਹੀਂ ਆਉਂਦੀ?
4. ਗੁਰੂ ਅਰਜਨ ਦੇਵ ਜੀ ਦੀ ਕੀ ਦੇਖਣ ਦੀ ਲਾਲਸਾ ਹੈ?

# "ਤੂ ਠਾਕੁਰੁ"

1. "ਤੂ ਠਾਕੁਰੁ" ਅਰਦਾਸ ਗੁਰੂ ਅਰਜਨ ਦੇਵ ਜੀ ਦੀ ਕਿਸ ਬਾਣੀ ਵਿੱਚੋਂ ਹੈ?
2. 'ਠਾਕੁਰੁ' ਤੋਂ ਕੀ ਭਾਵ ਹੈ?
3. ਕਿਸ ਦਾ ਅੰਤ ਪਾਇਆ ਨਹੀਂ ਜਾ ਸਕਦਾ?
4. ਗੁਰੂ ਅਰਜ਼ਨ ਦੇਵ ਜੀ ਕੀ ਅਰਦਾਸ ਕਰਦੇ ਹਨ?

### 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. "ਤੂ ਠਾਕੁਰੁ" ਅਰਦਾਸ ਵਿੱਚ ਪਰਮਾਤਮਾ ਦੇ ਕਿਹੜੇ-ਕਿਹੜੇ ਗੁਣਾਂ ਦਾ ਵਰਣਨ ਹੈ?

### ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

### ਪ੍ਰਸ਼ਨ :-

1. ਇਸ ਅਰਦਾਸ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਕਿਸ ਨੂੰ ਅਰਦਾਸ ਕੀਤੀ ਜਾਂਦੀ ਹੈ?
3. ਕਿਸ ਦੀ ਕਿਰਪਾ ਕਰਕੇ ਸੁੱਖ ਮਿਲਦੇ ਹਨ?
4. 'ਬਾਰਿਕ' ਸ਼ਬਦ ਤੋਂ ਕੀ ਭਾਵ ਹੈ?

## ਭਾਈ ਗੁਰਦਾਸ

## "ਸਤਿਗੁਰੂ ਨਾਨਕ ਪ੍ਰਗਟਿਆ"

1. 'ਸਤਿਗੁਰੂ ਨਾਨਕ ਪ੍ਰਗਟਿਆ' ਕਿਸ ਦੀ ਰਚਨਾ ਹੈ?
2. ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਕਿਸ ਚੀਜ ਦਾ ਪ੍ਰਸਾਰ ਸੀ?
3. ਗੁਰੂ ਨਾਨਕ ਦੇਵ ਜੀ ਕਿਹੜੇ ਯੁਗ ਵਿੱਚ ਪ੍ਰਗਟ ਹੋਏ।
4. ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਦੁਨੀਆਂ ਤੇ ਕੀ ਅਸਰ ਹੋਇਆ?

### 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-

1. ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸੰਸਾਰ ਵਿੱਚ ਕੀ ਤਬਦੀਲੀ ਆਈ?

### ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ:-

ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥
ਸਿੰਘੁ ਬੁੱਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ॥
ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥

## ਪ੍ਰਸ਼ਨ :-

1. ਇਹਨਾਂ ਕਾਵਿ-ਸਤਰਾਂ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਕਿਸ ਤਰ੍ਹਾਂ ਦਾ ਚਾਨਣ ਹੋਇਆ?
3. ਕਿਹੜੀ ਜਗ੍ਹਾ ਪੂਜਨ ਯੋਗ ਬਣ ਜਾਂਦੀ ਹੈ?
4. ਗੁਰੂ ਜੀ ਦੇ ਆਗਮਨ ਤੇ ਕਿਸ ਤਰ੍ਹਾਂ ਦਾ ਹਨੇਰਾ ਮਿਟ ਗਿਆ?

# "ਅੰਨ੍ਹਾ ਆਗੂ"

1. "ਅੰਨ੍ਹਾ ਆਗੂ" ਕਵਿਤਾ ਕਿਸ ਤੀ ਲਿਖੀ ਹੋਈ ਹੈ?
2. "ਅੰਨ੍ਹਾ ਆਗੂ" ਵਿੱਚ ਕਿਸ ਵਿਅਕਤੀ ਬਾਰੇ ਦੱਸਿਆ ਗਿਆ ਹੈ?
3. ਸਿੰਮਲ ਰੁੱਖ ਕਿਸੇ ਦੇ ਕੰਮ ਕਿਉਂ ਨਹੀਂ ਆਉਂਦਾ?
4. ਮਨੁੱਖ ਨੂੰ ਕਿਸ ਤਰ੍ਹਾਂ ਦੇ ਆਗੂ ਪਿੱਛੇ ਨਹੀਂ ਲੱਗਣਾ ਚਾਹੀਦਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਕਾਂ, ਹਾਥੀ, ਤੁੰਬੇ ਅਤੇ ਸਿੰਮਲ ਰੁੱਖ ਵਿੱਚ ਕੀ ਔਗੁਣ ਹਨ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਨਿੰਦਕੁ ਨਾਮ ਵਿਹੂਣਿਆ ਸਤਿਸੰਗਿ ਨ ਭਾਵੈ॥
ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥

## ਪ੍ਰਸ਼ਨ :-

1. ਇਸ ਕਾਵਿ-ਟੋਟੇ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਸਤਿਸੰਗ ਕਿਸ ਨੂੰ ਚੰਗਾ ਨਹੀਂ ਲੱਗਦਾ?
3. "ਅੰਨ੍ਹਾ ਆਗੂ" ਕੀ ਕਰਦਾ ਹੈ?
4. ਕਿਸ ਤਰ੍ਹਾਂ ਦਾ ਆਗੂ ਸਾਰਿਆ ਨੂੰ ਡੋਬ ਦਿੰਦਾ ਹੈ?

# "ਅਕਿਰਤਘਣ"

1. "ਅਕਿਰਤਘਣ" ਕਵਿਤਾ ਕਿਸ ਦੀ ਰਚਨਾ ਹੈ?
2. ਧਰਤੀ ਨੂੰ ਕਿਸ ਚੀਜ਼ ਦਾ ਭਾਰ ਲੱਗਦਾ ਹੈ?
3. ਧਰਤੀ ਨੂੰ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਭਾਰ ਨਹੀਂ ਲੱਗਦਾ ਹੈ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥

ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ॥

## ਪ੍ਰਸ਼ਨ :-

1. ਇਸ ਕਾਵਿ-ਟੋਟੇ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਧਰਤੀ ਆਪਣੇ ਉਪਰ ਕਿਸ ਨੂੰ ਭਾਰ ਨਹੀਂ ਸਮਝਦੀ?
3. ਧਰਤੀ ਨੂੰ ਕਿਸ ਦਾ ਭਾਰ ਲੱਗਦਾ ਹੈ?
4. ਸਾਡਾ ਰਵੇਈਆ ਅਕ੍ਰਿਤਘਣ ਲਈ ਕਿਹੋ ਜਿਹਾ ਹੋਣਾ ਚਾਹੀਦਾ ਹੈ?

## ਸ਼ੇਖ ਫ਼ਰੀਦ "ਖੈਰੁ ਦੀਜੈ ਬੰਦਗੀ"

1. "ਖੈਰੁ ਦੀਜੈ ਬੰਦਗੀ" ਕਿਸ ਸੂਫ਼ੀ ਦੀ ਰਚਨਾ ਹੈ?
2. ਕਿਨ੍ਹਾਂ ਮਨੁੱਖਾਂ ਨੂੰ ਜਨਮ ਦੇਣ ਵਾਲੀ ਮਾਂ ਧੰਨ ਹੈ?
3. ਕਿਹੜੇ ਮਨੁੱਖ ਧਰਤੀ ਤੇ ਭਾਰ ਹਨ?
4. ਫ਼ਰੀਦ ਜੀ ਕਿਨ੍ਹਾਂ ਲੋਕਾਂ ਦੇ ਪੈਰ ਚੁੰਮਣ ਦੀ ਗੱਲ ਕਰਦੇ ਹਨ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਫ਼ਰੀਦ ਜੀ ਸੱਚੇ ਅਤੇ ਕੱਚੇ ਮਨੁੱਖ ਵਿੱਚ ਕੀ ਫਰਕ ਦੱਸਦੇ ਹਨ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥

ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

## ਪ੍ਰਸ਼ਨ :-

1. ਇਸ ਕਾਵਿ-ਬੰਦ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਸੱਚੇ ਲੋਕ ਕੌਣ ਹਨ?
3. ਕੱਚੇ ਮਨੁੱਖ ਕਿਸ ਨੂੰ ਕਿਹਾਂ ਗਿਆ ਹੈ?
4. ਕੱਚੇ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ?

## "ਸਲੋਕ"

## ਇਕ ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ :-

1. ਫ਼ਰੀਦ ਜੀ ਅਕਲ ਲਤੀਫ ਨੂੰ ਕੀ ਉਪਦੇਸ਼ ਦਿੰਦੇ ਹਨ?
2. ਖਾਕੁ ਨੂੰ ਕਿਉਂ ਨਹੀਂ ਨਿੰਦਣਾ ਚਾਹੀਦਾ?
3. ਮਨੁੱਖ ਦਾ ਪਰਮਾਤਮਾ ਨਾਲ ਪਿਆਰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?
4. ਕਿਹੜੀ ਚੀਜ਼ ਫ਼ਰੀਦ ਜੀ ਨੂੰ ਪ੍ਰਭੂ ਨਾਲ ਮਿਲਣ ਤੋਂ ਰੋਕ ਰਹੀ ਹੈ?
5. ਫ਼ਰੀਦ ਜੀ ਕਿਹੜੀ ਅਵਸਥਾ ਵਿੱਚ ਇਸ ਸੰਸਾਰ ਤੇ ਨਹੀਂ ਰਹਿਣਾ ਚਾਹੀਦਾ?

## ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥

1. ਇਹ ਸਲੋਕ ਕਿਸ ਦੀ ਰਚਨਾ ਹੈ?
2. ਖ਼ਾਕੂ ਤੋ ਕੀ ਭਾਵ ਹੈ?
3. ਕਿਹੜੀ ਚੀਜ਼ ਮਰਨ ਤੋਂ ਬਾਅਦ ਸਾਡੇ ਉਪਰ ਹੁੰਦੀ ਹੈ?
4. ਖ਼ਾਕੁ ਨੂੰ ਕਿਉਂ ਨਹੀਂ ਨਿੰਦਣਾ ਚਾਹੀਦਾ ਹੈ?

# ਸ਼ਾਹ ਹੁਸੈਨ

## "ਖ਼ਾਕੂ ਵਿੱਚ ਸਮਾਵਣਾ"

1. "ਖ਼ਾਕੂ ਵਿੱਚ ਸਮਾਵਣਾ" ਕਿਸ ਦੀ ਲਿਖੀ ਹੋਈ ਕਵਿਤਾ ਹੈ?
2. ਮਿੱਤਰਾਂ ਨਾਲ ਸਾਡੀ ਕਿਸ ਤਰ੍ਹਾਂ ਦੀ ਸਾਂਝ ਹੈ?
3. ਮਨੁੱਖ ਜੰਗਲ ਵਿੱਚ ਕਿਵੇਂ ਪਹੁੰਚਦਾ ਹੈ?
4. "ਖ਼ਾਕੂ ਵਿੱਚ ਸਮਾਵਣਾ" ਤੋਂ ਕੀ ਭਾਵ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਦੁਨੀਆਂ ਨਾਲ ਮਨੁੱਖ ਦਾ ਕਿਸ ਤਰ੍ਹਾਂ ਦਾ ਸਬੰਧ ਹੈ?
2. ਸ਼ਾਹ ਹੁਸੈਨ ਅਨੁਸਾਰ ਮਨੁੱਖ ਨੂੰ ਕਿਸ ਤਰ੍ਹਾਂ ਦੀ ਸਿੱਖਿਆ ਉੱਤੇ ਅਮਲ ਕਰਨਾ ਚਾਹੀਦਾ ਹੈ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਚਾਰ ਦਿਹਾੜੇ ਗੋਇਲ ਵਾਸਾ,
ਕਿਆ ਜਾਣਾ ਕਿਤ ਢੁਲਸੀ ਵੇ ਪਾਸਾ,
ਬਾਲਕ ਮਨ ਪਰਚਾਵਾਣਾ॥

## ਪ੍ਰਸ਼ਨ :-

1. ਇਸ ਕਾਵਿ-ਬੰਦ ਦੀ ਰਚਨਾ ਅਤੇ ਰਚਨਹਾਰ ਦਾ ਨਾਂ ਲਿਖੋ?
2. ਸਾਨੂੰ ਕਿਸ ਚੀਜ਼ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ?
3. ਮਨੁੱਖ ਨੂੰ ਕੀ ਨਹੀਂ ਕਰਨਾ ਚਾਹੀਦਾ?
4. ਅੰਤ ਵਿੱਚ ਮਨੁੱਖ ਨੇ ਕਿਸ ਵਿੱਚ ਸਮਾਂ ਜਾਣਾ ਹੈ?

# "ਨਾਲ ਸਜਨ ਦੇ ਰਹੀਏ"

## ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. "ਨਾਲ ਸਜਨ ਦੇ ਰਹੀਏ" ਕਿਸ ਕਵੀ ਦੀ ਕਵਿਤਾ ਹੈ?
2. ਕਵੀ ਕਿਸ ਦੇ ਨਾਲ ਰਹਿਣ ਲਈ ਕਹਿੰਦਾ ਹੈ?
3. ਸੱਜਣ ਨਾਲ ਰਹਿਣ ਸਮੇਂ ਕਿਸ ਤਰ੍ਹਾਂ ਦੀ ਭਾਵਨਾ ਮਨ ਵਿੱਚ ਹੋਣੀ ਚਾਹੀਦੀ ਹੈ?
4. ਕਿਹੜੇ ਲੋਕ ਕਠਿਨਾਈਆਂ ਅਤੇ ਮੁਸਕਿਲਾਂ ਨੂੰ ਸਹਿੰਦੇ ਹਨ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਸੱਜਣ ਨਾਲ ਰਹਿਣ ਲਈ ਸਾਨੂੰ ਕਿਹੜੀਆਂ-ਕਿਹੜੀਆਂ ਕਠਿਨਾਈਆਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਚੰਦਨ ਰੁੱਖ ਲਗਾ ਵਿੱਚ ਵਿਹੜੇ, ਜੋਰ ਧਿੰਙਾਣੇ ਖਹੀਏ ਵੇਹੈ॥
ਕਹੇ 'ਹੁਸੈਨ' ਫ਼ਕੀਰ ਸਾਈਂ ਦਾ, ਜੀਵੰਦਿਆਂ ਮਰ ਰਹੀਏ ਵੇ ॥

## ਪ੍ਰਸ਼ਨ :-

1. ਇਸ ਕਾਵਿ-ਟੋਟੇ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਚੰਦਨ ਦੇ ਰੁੱਖ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ?
3. 'ਵਿਹੜੇ' ਸ਼ਬਦ ਤੋਂ ਕੀ ਭਾਵ ਹੈ?
4. ਕਵਿਤਾ ਵਿੱਚ ਕਵੀ ਕਿਸ ਦੇ ਨਾਲ ਰਹਿਣ ਦੀ ਗੱਲ ਕਰਦਾ ਹੈ?

# "ਬੁੱਲ੍ਹੇ ਸ਼ਾਹ"

# (ਇਸ਼ਕ ਦੀ ਨਵੀਓਂ ਨਵੀਂ ਬਹਾਰ)

## ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਬੁੱਲ੍ਹੇ ਸ਼ਾਹ ਦੀ ਕਵਿਤਾ ਦਾ ਨਾਂ ਲਿਖੋ।
2. ਬੁੱਲ੍ਹੇ ਸ਼ਾਹ ਕਿਹੜੀ ਸ਼ਗ੍ਹਾਂ ਨੂੰ ਤਿਆਗਣ ਲਈ ਕਹਿੰਦਾ ਹੈ?
3. ਕਵੀ ਨੂੰ ਕਿਸ ਗੱਲ੍ਹ ਦਾ ਪਛਤਾਵਾ ਹੈ?
4. ਬੁੱਲ੍ਹੇ ਸ਼ਾਹ ਨੂੰ ਪਰਮਾਤਮਾ ਕਿੱਥੇ-ਕਿੱਥੇ ਨਜਰ ਆਉਂਦਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਬੁੱਲ੍ਹੇ ਸ਼ਾਹ ਸੁੱਧ-ਬੁੱਧ ਕਿਉਂ ਭੁਲਾ ਬੈਠਾ ਹੈ?

ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ:-

ਉਮਰ ਗਵਾਈ ਵਿਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਨਮਾਜ਼ ਵਹਦਤ ਨਾ ਕੀਤੀ
ਹੁਣ ਕਿਉਂ ਡਰਨਾ ਏ ਧਾੜੋਂ ਧਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।

## ਪ੍ਰਸ਼ਨ :-

1. ਇਸ ਕਵਿਤਾਂ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਮਨੁੱਖ ਨੇ ਕਦੇ ਵੀ ਕੀ ਨਹੀਂ ਕੀਤੀ?
3. ਇਸ ਕਵਿਤਾ ਵਿੱਚ ਕਵੀ ਕਿਸ ਚੀਜ਼ ਦੀ ਨਿਖੇਧੀ ਕਰਦਾ ਹੈ?

# "ਪੂਰਨ ਸਿੰਘ"

# "ਜਵਾਨ ਪੰਜਾਬ ਦੇ"

## ਇਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. "ਜਵਾਨ ਪੰਜਾਬ ਦੇ" ਕਿਸ ਕਵੀ ਦੀ ਰਚਨਾ ਹੈ?
2. ਪੰਜਾਬ ਕਿਸ ਦੇ ਨਾਂ ਉੱਤੇ ਜਿਉਂਦਾ ਹੈ?

3. ਪੰਜਾਬ ਦੇ ਲੋਕਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ?

4. ਮੌਤ ਨਾਲ ਮਖੌਲ ਕੌਣ ਕਰਦਾ ਹੈ?

5. "ਜਵਾਨ ਪੰਜਾਬ ਦੇ" ਕਵਿਤਾ ਦੀ ਦਰਸਾਉਂਦੀ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਪੰਜਾਬ ਦੇ ਨੌਜਵਾਨਾਂ ਦਾ ਕਿਹੋ ਜਿਹਾ ਸੁਭਾਅ ਹੈ?

2. ਪੰਜਾਬ ਵਿੱਚ ਕਿਸ ਤਰ੍ਹਾਂ ਦੇ ਸਮੇਂ ਆਏ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਇਥੇ ਦਾਤੇ ਬਲਕਾਰ ਆਏ,
ਇਥੇ ਸਾਈ ਦੇ ਪਿਆਰ ਆਏ,
ਇਸ ਧਰਤੀ ਵਿੱਚ ਕਲਗੀ ਵਾਲੇ ਦੇ ਘੋੜੇ ਦੇ ਸੁੰਮਾ ਦੀ ਟਾਪ ਲਗੀ,
ਸਤਿਗੁਰਾਂ, ਸੱਚੇ ਪਾਤਸ਼ਾਹਾਂ ਦਾ ਨਿਵਾਸ ਹੈ!

## ਪ੍ਰਸ਼ਨ :-

1. ਇਸ ਕਾਵਿ-ਬੰਦ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?

2. ਪੰਜਾਬ ਦੀ ਧਰਤੀ ਪਵਿੱਤਰ ਕਿਉਂ ਹੈ?

3. ਇੱਥੇ ਕਿਹੜੇ-ਕਿਹੜੇ ਲੋਕ ਆਏ?

4. ਪੰਜਾਬ ਵਿੱਚ ਕਿਸ ਦਾ ਨਿਵਾਸ ਹੈ?

# "ਫ਼ੀਰੋਜ਼ ਦੀਨ ਸ਼ਰਫ"
# "ਮਾਂ ਦਾ ਦਿਲ"

1. ਫ਼ੀਰੋਜ਼ ਦੀਨ ਸ਼ਰਫ ਜੀ ਦੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਿਲ ਹੈ?

2. ਮਾਂ ਨੇ ਪੁੱਤਰ ਦੀ ਪਾਲਣਾ ਕਿਵੇਂ ਕੀਤੀ?

3. ਨੌਜਵਾਨ ਨੇ ਸੁੰਦਰੀ ਨੂੰ ਖੁਸ਼ ਕਰਨ ਲਈ ਕੀ ਕੀਤਾ?

4. ਇਸ ਕਵਿਤਾ ਤੋਂ ਕੀ ਸਿੱਖਿਆਂ ਮਿਲਦੀ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਮਾਂ ਨੇ ਪੁੱਤਰ ਦੀ ਪਾਲਣਾ ਕਿਵੇਂ ਕੀਤੀ ਹੈ?

2. ਸਾਰਾ ਜਗ ਜਤਨ ਕਰਨ ਤੋਂ ਬਾਅਦ ਵੀ ਕਿਹੜੀ ਚੀਜ਼ ਦੀ ਡੂੰਘਾਈ ਤੱਕ ਨਹੀਂ ਪਹੁੰਚ ਸਕਿਆ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

"ਲੱਖ ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
ਸੱਟ ਤਾਂ ਨਹੀਂ ਲੱਗੀ ਮੇਰੇ ਬੱਚਿਆ ਪਿਆਰਿਆ?"
ਸ਼ਰਫ਼ ਜੀ ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
ਪੁੱਤ ਹੱਥੋਂ ਮਰ ਕੇ ਵੀ ਮੋਹ ਨਹੀਂ ਵਿਸਾਰਿਆ।

## ਪ੍ਰਸ਼ਨ :-

1. ਇਸ ਕਵਿਤਾ ਦੇ ਕਵੀ ਤੇ ਕਵਿਤਾ ਦਾ ਨਾਂ ਲਿਖੋ?
2. ਮਾਂ ਦਾ ਦਿਲ ਲੈ ਜਾ ਰਹੇ ਨੌਜਵਾਨ ਨਾਲ ਕੀ ਵਾਪਰਿਆ?
3. ਕੌਣ ਲੱਖ-ਲੱਖ ਵਾਰੀ ਜਾਂਦੀ ਹੈ?
4. ਮਾਂ ਦਾ ਪਿਆਰ ਕੌਣ ਭੁਲਾ ਬੈਠਾ ਹੈ?

# "ਹਜ਼ਾਰਾ ਸਿੰਘ ਗੁਰਦਾਸਪੁਰੀ"

# "ਸਿੰਘ ਮਾਤਾ ਦੀ ਵਾਰ"

1. ਭੁੱਚਰ ਪਿੰਡ ਕਿਸ ਕਰਕੇ ਮਸ਼ਹੂਰ ਸੀ?
2. ਨਾਦਰ ਸ਼ਾਹ ਨੇ ਲਸ਼ਕਰ ਕਿੱਥੇ ਉਤਾਰੇ?
3. ਨਾਦਰ ਸ਼ਾਹ ਨੂੰ ਚੁਬਾਰੇ ਵਿੱਚ ਜਾ ਕੇ ਕੀ ਵੇਖਿਆ?
4. ਚੋਬਾਰਿਓ ਤੀਰ ਆਉਣੇ ਬੰਦ ਕਿਉਂ ਹੋ ਗਏ?
5. ਨਾਦਰ ਸ਼ਾਹ ਨੇ ਆਪਣਾ ਤਾਜ ਕਿਸਦੇ ਪੈਰਾਂ ਵਿੱਚ ਰੱਖਿਆ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਨਾਦਰ ਸ਼ਾਹ ਦੀ ਫ਼ੌਜ਼ ਨੇ ਨਾਦਰਸ਼ਾਹ ਨੂੰ ਕੀ ਕਿਹਾ?
2. ਬੁੱਢੀ ਔਰਤ ਨੇ ਨਾਦਰ ਸ਼ਾਹ ਦੀਆਂ ਫੌਜਾਂ ਦਾ ਕਿਵੇਂ ਸਾਹਮਣਾ ਕੀਤਾ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਨਾਦਰ ਸ਼ਾਹ ਕੁਰਲਾਇਆ, ਬੁੱਢੀ ਵੇਖ ਕੇ।
ਕਰਦਾ ਹਾਇਆ ਹਾਇਆ, ਮਾਰ ਦੁਹੱਥੜਾਂ।
ਤੂੰ ਮੈਨੂੰ ਕਿਉਂ ਨਾ ਜਾਇਆ, ਮੇਰੀਏ ਮਾਂ ਨੀ।
ਇਹ ਕਹਿ ਕੇ ਤਾਜ ਟਿਕਾਇਆ, ਚਰਨੀ ਓਸਦੇ।

## ਪ੍ਰਸ਼ਨ :-

1. ਇਸ ਕਵਿਤਾ ਅਤੇ ਕਵੀ ਦਾ ਨਾਂ ਲਿਖੋ?
2. ਨਾਦਰ ਸ਼ਾਹ ਕਿਸ ਨੂੰ ਦੇਖ ਕੇ ਕੁਰਲਾਇਆ?
3. ਨਾਦਰ ਸ਼ਾਹ ਕੀ ਮੁਰਾਦ ਮੰਗਦਾ ਹੈ?
4. ਨਾਦਰ ਸ਼ਾਹ ਨੇ ਤਾਜ ਕਿਸ ਦੀ ਚਰਨੀ ਟਿਕਾਇਆ?

# "ਅੰਮ੍ਰਿਤਾ ਪ੍ਰੀਤਮ"

# "ਅਹਿਦਨਾਮਾ"

1. ਅਹਿਦਨਾਮਾ ਕਿਸ ਕਵਿੱਤਰੀ ਦੀ ਰਚਨਾ ਹੈ?
2. ਲੋਕਾਂ ਵਿੱਚ ਕਿਸ ਤਰ੍ਹਾਂ ਦੀ ਭਾਵਨਾ ਹੈ?
3. ਕਵਿੱਤਰੀ ਕਿਸ ਤੇ ਦਸਖ਼ਤ ਕਰਨ ਲਈ ਲੋਕਾਂ ਨੂੰ ਕਹਿੰਦੀ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਕਵਿੱਤਰੀ ਨੇ ਦਸਖ਼ਤ ਕਰਨ ਲਈ ਕਿਸ-ਕਿਸ ਪ੍ਰਕਾਰ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ?
2. ਅਮਨ ਨਾਲ ਸੰਸਾਰ ਤੇ ਕੀ ਪ੍ਰਭਾਵ ਪਵੇਗਾ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਦੀਨਾਂ ਈਮਾਨਾਂ ਵਾਲਿਓ ਦਸਖ਼ਤ ਕਰੋ!
ਦੋਹਾਂ ਜਹਾਨਾਂ ਵਾਲਿਓ ਦਸਖ਼ਤ ਕਰੋ!
ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ!
ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ!

## ਪ੍ਰਸ਼ਨ :-

1. ਇਸ ਕਵਿਤਾ ਦੇ ਰਚਨਹਾਰ ਅਤੇ ਰਚਨਾਂ ਦਾ ਨਾਂ ਲਿਖੋ?
2. ਕਿਸ ਉੱਪਰ ਦਸਖ਼ਤ ਕਰਨ ਲਈ ਕਿਹਾ ਗਿਆ ਹੈ?
3. ਦਸਖ਼ਤ ਕਰਨ ਲਈ ਕਿਹੜੇ-ਕਿਹੜੇ ਲੋਕਾਂ ਨੂੰ ਬੁਲਾਇਆ ਗਿਆ ਹੈ?
4. ਦਸਖ਼ਤ ਕਰਨ ਨਾਲ ਕੀ ਹੋਵੇਗਾ?

# ਹਰਿਭਜਨ ਸਿੰਘ

## "ਕਿੱਥੇ ਗਈਆਂ ਭੈਣਾਂ"

1. "ਕਿੱਥੇ ਗਈਆਂ ਭੈਣਾਂ" ਕਿਸ ਕਵੀ ਦੀ ਰਚਨਾ ਹੈ?
2. ਕਵੀ ਕਿਹੜੇ ਸਮੇਂ ਨੂੰ ਯਾਦ ਕਰਦਾ ਹੈ?
3. ਹੁਣ ਰਿਸ਼ਤਿਆਂ ਨੂੰ ਕਿਵੇਂ ਦੇਖਿਆ ਜਾਂਦਾ ਹੈ?

### 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਕੀ ਸਚਮੁੱਚ ਹੀ ਮਾਵਾਂ ਅਤੇ ਭੈਣਾਂ ਦੇ ਸੱਚੇ ਰਿਸ਼ਤੇ ਗੁਆਚ ਗਏ ਹਨ?
2. ਹੁਣ ਰਿਸ਼ਤਿਆਂ ਨੂੰ ਕਿਵੇਂ ਦੇਖਿਆ ਜਾਂਦਾ ਹੈ?

## ਕਾਵਿ-ਬੰਦ ਦੇ ਆਧਾਰ ਤੇ ਪ੍ਰਸ਼ਨ :-

ਭੈਣ ਕਹਾਂ ਤਾਂ ਦੱਸਣਾ ਪੈਂਦੇ
ਆਪਣੀ ਨੀਅਤ ਦਾ ਸਿਰਨਾਵਾਂ।
ਸਭ ਜਗ ਹੋਇਆ ਮਰਦ ਜ਼ਨਾਨੀ
ਬਾਕੀ ਸਭ ਛਾਵਾਂ ਪਰਛਾਵਾਂ।

## ਪ੍ਰਸ਼ਨ :-

1. ਇਸ ਕਵਿਤਾ ਅਤੇ ਕਵੀ ਦਾ ਨਾਂ ਦੱਸੋ।
2. ਅੱਜ ਭੈਣ ਕਹਿਣ ਤੇ ਨੀਅਤ ਬਾਰੇ ਕਿਉਂ ਦੱਸਣਾ ਪੈਂਦਾ ਹੈ?
3. ਅੱਜ ਸਾਰਾ ਜੱਗ ਮਰਦ-ਜਨਾਨੀ ਕਿਵੇਂ ਲੱਗਦਾ ਹੈ?
4. ਛਾਵਾਂ-ਪਰਛਾਵਾਂ ਤੋਂ ਕੀ ਭਾਵ ਹੈ?

# ਸ਼ਿਵ ਕੁਮਾਰ

## "ਪੂਰਨ"

1. "ਪੂਰਨ" ਕਵਿਤਾ ਦੇ ਕਵੀ ਦਾ ਨਾਂ ਲਿਖੋ।
2. ਪੂਰਨ ਕਿਸ ਕੁੜੀ ਨੂੰ ਸਤਿਕਾਰ ਯੋਗ ਸਮਝਦਾ ਹੈ?
3. ਕਿਹੜੀ ਨਾਰੀ ਅਜੇ ਸੀਮਤ ਨਾਰੀ ਹੈ?
4. ਕਵੀ ਕਿਹੜੀ ਨਾਰੀ ਨੂੰ ਪਿਆਰ ਦੀ ਹੱਕਦਾਰ ਸਮਝਦਾ ਹੈ?

5. ਕਵੀ ਨਾਰੀ ਦਾ ਸਤਿਕਾਰ ਕਿਹੜੇ ਗੁਣਾਂ ਵਿੱਚ ਵੇਖਦਾ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਕਿਹੜੀ ਨਾਰੀ ਨੂੰ ਕਵੀ ਪੂਰਨ ਪਿਆਰ ਦੀ ਹੱਕਦਾਰ ਨਹੀਂ ਸਮਝਦਾ ਹੈ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਹਰ ਮਹਿਬੂਬਾ ਦੇ ਚਿਹਰੇ ਵਿੱਚ
ਮਾਂ ਹੁੰਦੀ ਹੈ
ਤੇ ਹਰ ਮਾਂ ਦੇ ਚਿਹਰੇ ਵਿਚ
ਮਹਿਬੂਬਾ
ਜਿਸ ਨਾਰੀ ਵਿੱਚ ਮਮਤਾ ਦਾ ਸਤਿਕਾਰ ਨਹੀਂ ਹੈ
ਉਸ ਨਾਰੀ ਵਿੱਚ
ਕਿਸੇ ਰੂਪ ਵਿੱਚ ਨਾਰ ਨਹੀਂ ਹੈ।

## ਪ੍ਰਸ਼ਨ :-

1. ਇਸ ਕਵਿਤਾ ਅਤੇ ਕਵੀ ਦਾ ਨਾਂ ਲਿਖੋ?
2. ਮਹਿਬੂਬਾ ਅਤੇ ਮਾਂ ਦਾ ਕਿਹੜਾ ਗੁਣ ਵਿਸ਼ੇਸ਼ ਸਥਾਨ ਰੱਖਦਾ ਹੈ?
3. ਕਿਸ ਕਮੀ ਕਰਕੇ ਇਸਤਰੀ ਅਧੂਰੀ ਸਮਝੀ ਜਾਂਦੀ ਹੈ?
4. ਪੂਰਨ ਕਿਸ ਦਾ ਸਤਿਕਾਰ ਨਹੀਂ ਕਰਦਾ ਹੈ?

# ਡਾ. ਜਗਤਾਰ

# "ਔਰਤ ਦੀ ਹੱਕ-ਤਲਫ਼ੀ"

1. "ਔਰਤ ਦੀ ਹੱਕ-ਤਲਫ਼ੀ" ਕਵਿਤਾ ਕਿਸ ਦੀ ਹੈ?
2. ਮਾਂ ਨੇ ਪੁਤਰ ਲਈ ਕੀ ਦੁਆ ਕੀਤੀ?
3. ਜਨਮ-ਦਾਤੀ ਮਾਂ ਪ੍ਰਤੀ ਕਵੀ ਦੀ ਕੀ ਭਾਵਨਾ ਹੈ?
4. ਹੱਕ-ਤਲਫ਼ੀ ਤੋਂ ਕੀ ਭਾਵ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. "ਔਰਤ ਦੀ ਹੱਕ-ਤਲਫ਼ੀ" ਕਵਿਤਾ ਵਿੱਚ ਕਵੀ ਕਿਹੜੀ ਮਜਬੂਰੀ ਕਰਕੇ ਪਰੇਸ਼ਾਨ ਹੈ?
2. ਪਾਲਣਹਾਰ ਮਾਂ ਨੇ ਪੁੱਤਰ ਲਈ ਕੀ ਕੁਝ ਕੀਤਾ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਅੱਜ ਉਸ ਦਾ ਨਾਮ ਮੈਂ
ਗ਼ੈਰ-ਸਰਕਾਰੀ ਜਾਂ ਸਰਕਾਰੀ ਕਿਸੇ
ਕਾਗ਼ਜ਼'ਚ ਵਲਦੀਅਤ ਦੇ ਖਾਨੇ
ਲਿਖ ਨਹੀਂ ਸਕਦਾ ਜਦੋਂ
ਤਾਂ ਭਰੇ-ਪੀਤੇ ਦਾ ਜੀਅ ਕਰਦੈ
ਕਿ ਇਹ ਸਭ ਡਿਗਰੀਆਂ ਤੇ ਦਸਤਾਵੇਜ਼ਾਂ ਫੂਕ ਸੁੱਟਾਂ
ਜਾਂ ਮੈ ਵਲਦੀਅਤ ਦੇ ਖਾਨੈ
ਲੱਛਮੀ ਦੇਵੀ ਲਿਖਾਂ।

## ਪ੍ਰਸ਼ਨ :-

1. ਇਸ ਕਾਵਿ-ਬੰਦ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ।
2. ਵਲਦੀਅਤ ਦੇ ਖਾਨੇ ਵਿੱਚ ਕਵੀ ਕਿਸ ਦਾ ਨਾਂ ਨਹੀਂ ਲਿਖ ਸਕਦਾ?
3. ਉਸ ਦਾ ਗੁੱਸੇ ਵਿੱਚ ਆ ਕੇ ਕੀ ਕਰਨ ਨੂੰ ਜੀ ਕਰਦਾ ਹੈ?
4. ਕਵੀ ਦੀ ਮਾਂ ਦਾ ਨਾਂ ਕੀ ਹੈ?

# ਸੁਰਜੀਤ ਪਾਤਰ

# "ਹਨੇਰਾ ਜਰੇਗਾ ਕਿਵੇਂ"

1. "ਹਨੇਰਾ ਜਰੇਗਾ ਕਿਵੇਂ" ਕਿਸ ਦੀ ਰਚਨਾ ਹੈ?
2. ਕਵੀ ਕਿਹੜੀ ਦੋ-ਚਿੱਤੀ ਵਿੱਚ ਹੈ?
3. ਚੁਪ ਰਹਿਣ ਤੇ ਕੀ ਹੋਵੇਗਾ?
4. ਕਵੀ ਨੂੰ ਕੀ ਆਸ ਹੈ?

## 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਕਵੀ ਮਰੇ ਹੋਏ ਮਿੱਤਰਾਂ ਬਾਰੇ ਕੀ ਸੋਚਦਾ ਹੈ?
2. ਰੋਜ਼ੀ ਦੀ ਖ਼ਾਤਰ ਵਿਦੇਸ਼ਾਂ ਵਿੱਚ ਰੁਲਣ ਵਾਲਿਆਂ ਦੀ ਸਥਿਤੀ ਵਾਪਸ ਦੇਸ ਵਿੱਚ ਆਉਣ ਤੇ ਕੀ ਹੋਵੇਗਾ?

## ਕਾਵਿ-ਬੰਦ ਦੇ ਅਧਾਰ ਤੇ ਪ੍ਰਸ਼ਨ :-

ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ

ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

**ਪ੍ਰਸ਼ਨ :-**

1. ਇਸ ਕਾਵਿ-ਟੋਟੇ ਦੇ ਰਚਨਹਾਰ ਅਤੇ ਰਚਨਾ ਦਾ ਨਾਂ ਲਿਖੋ?
2. ਵਿਦੇਸ਼ਾਂ ਵਿੱਚ ਲੋਕ ਕਿਉਂ ਜਾਂਦੇ ਹਨ?
3. ਦੇਸ ਪਰਤਣ ਤੇ ਉਹਨਾਂ ਨੂੰ ਕਿਹੋ-ਜਿਹੀ ਸਥਿਤੀ ਤਾ ਸਾਹਮਣਾ ਕਰਨਾ ਪਵੇਗਾ?
4. ਕਬਰਾਂ ਦੇ ਰੁੱਖ ਹੇਠ ਬੈਠਣ ਤੋਂ ਕੀ ਭਾਵ ਹੈ?

# "ਸਾਹਿਤ ਦੀਪਿਕਾ"

# ਵਾਰਤਕ ਭਾਗ

## ਪ੍ਰਾਰਥਨਾ (ਡਾ. ਬਲਬੀਰ ਸਿੰਘ)

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. ਸੁਕਰਾਤ ਨੇ ਕੀ ਅਰਦਾਸ ਕੀਤੀ ਸੀ?
2. ਕਿਸ ਧਰਮ ਵਿੱਚ ਸਾਰੀਆ ਰੀਤਾ-ਰਸਮਾਂ ਸਮੇਂ ਇਕ ਹੀ ਅਰਦਾਸ ਕੀਤੀ ਜਾਂਦੀ ਹੈ?
3. ਰੁਹਤਾਸ ਦੇ ਕਿਲ੍ਹੇ ਵਿੱਚ ਕਿਹੜਾ ਰਾਜਾ ਆਇਆ ਸੀ?
4. ਡਾ. ਬਲਬੀਰ ਸਿੰਘ ਦੀ ਕਿਹੜੀ ਰਚਨਾਂ ਤੁਹਾਡੀ ਪਾਠ-ਪੁਸਤਕ ਵਿੱਚ ਦਰਜ਼ ਹੈ?
5. ਪਰਮਾਤਮਾ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕਦਾ ਹੈ?

**2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-**

1. ਕੈਦੀ ਦਾ ਵਿਹਾਰ ਕਿਹੋ ਜਿਹਾ ਸੀ?
2. ਕੈਦੀ ਦੇ ਵਿਹਾਰ ਵਿੱਚ ਕੀ ਤਬਦੀਲੀ ਆਈ ਅਤੇ ਕਿਵੇਂ?
3. ਸਾਚੁ ਕਹੌਂ ਸੁਨ ਲੇਹੁ ਸਭੈ,
   ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ।।
   ਗੁਰਬਾਣੀ ਦੀ ਇਸ ਤੁੱਕ ਤੋਂ ਕੀ ਭਾਵ ਹੈ?
4. ਅਰਦਾਸ ਦੀ ਕੀ ਕਰਾਮਾਤ ਹੈ?

# ਪ੍ਰਿੰਸੀਪਲ ਤੇਜਾ ਸਿੰਘ

# (ਅਗਲੇ ਜ਼ਮਾਨੇ)

## 1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਕਿਹੜੀ ਰਚਨਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?
2. ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਪਹਿਲਾਂ ਨਾਲੋ ਕੌਣ ਹੁਣ ਜ਼ਿਆਦਾ ਸੋਹਣਾ ਹੋ ਗਿਆ ਹੈ?
3. ਆਜ਼ਾਦੀ ਦੀਆਂ ਲਹਿਰਾਂ ਵਿੱਚ ਕੌਣ-ਕੌਣ ਮਿਲਕੇ ਕੰਮ ਕਰਦੇ ਸਨ?
4. ਪੰਡਿਤ ਨਹਿਰੂ ਸਿੱਖਾਂ ਨਾਲ ਕਿਸ ਮੋਰਚੇ ਵਿੱਚ ਕੈਦ ਹੋਏ ਸਨ?
5. ਵਿੱਦਿਆ ਦੇ ਪ੍ਰਸਾਰ ਨਾਲ ਕੀ ਫ਼ਰਕ ਪਿਆ ਹੈ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-

1. ਰੇਡੀਓ ਅਤੇ ਟੈਲੀਵੀਜ਼ਨ ਨੇ ਸਾਡੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ?
2. ਇਕੀਵੀਂ ਸਦੀ ਦੇ ਅਰੰਭ ਤੱਕ ਆਈਆਂ ਤਬਦੀਲੀਆਂ ਲਿਖੋ।
3. ਅਧਿਆਪਕ ਅਤੇ ਵਿੱਦਿਆਰਥੀ ਦੇ ਰਿਸ਼ਤੇ ਵਿੱਚ ਕੀ ਤਬਦੀਲੀ ਆਈ ਹੈ?
4. ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਸਮਾਜਕ ਨਾ-ਬਰਾਬਰੀ ਖ਼ਤਮ ਕਰਨ ਲਈ ਕੀ ਯਤਨ ਕੀਤੇ?

# ਗਿਆਨੀ ਗੁਰਦਿੱਤ ਸਿੰਘ

# (ਮੇਰੇ ਵੱਡੇ-ਵਡੇਰੇ)

## 1. ਇਕ ਸ਼ਬਦ ਦੇ ਉੱਤਰ ਵਾਲੇ ਪ੍ਰਸ਼ਨ :-

1. ਮੇਰੇ ਵੱਡੇ-ਵਡੇਰੇ ਲੇਖ ਵਿੱਚ ਲੇਖਕ ਦੇ ਬਾਬੇ ਕਿੰਨੇ ਭਰਾ ਸਨ?
2. ਕਿਸ ਬਾਬੇ ਦੇ ਖੰਘੂਰਾ ਮਾਰਨ ਉੱਤੇ ਢੱਠੇ ਨੂੰ ਭਾਜੜਾਂ ਪੈ ਜਾਂਦੀਆਂ?
3. ਬਾਬਿਆਂ ਦੀ ਭੈਣ ਨੇ ਕੀ ਥੁੱਕ ਕੇ ਸੁੱਟਿਆ ਸੀ?
4. ਮੇਰੇ ਵੱਡੇ ਵਡੇਰੇ ਲੇਖ ਦਾ ਲੇਖਕ ਕੌਣ ਹੈ?
5. ਪਿੰਡ ਛਾਂਪੇ ਵਿੱਚ ਵਿਆਹ ਤੇ ਜਾ ਕੇ ਬਾਬਿਆਂ ਨੇ ਕੀ ਕੀਤਾ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਬਾਬੇ ਪੁਨੂੰ ਨੇ ਪਹਿਲਵਾਨ ਦੀ ਵਿਜੈ ਪਤਾਕਾ ਕਿਵੇਂ ਝੁਕਾਈ?
2. ਪੁਰਾਣੇ ਪੰਜਾਬ ਦੇ ਲੋਕਾਂ ਅਤੇ ਅੱਜ ਦੇ ਲੋਕਾਂ ਵਿੱਚ ਤੁਸੀਂ ਕੀ ਫ਼ਰਕ ਮਹਿਸੂਸ ਕਰਦੇ ਹੋ?

3. ਤੁਹਾਨੂੰ ਕਿਸ ਬਾਬੇ ਦੀ ਘਟਨਾ ਵਧੇਰੇ ਟੁੰਬਦੀ ਹੈ ਅਤੇ ਕਿਉ?

4. ਬਾਬੇ ਦਾਸ ਦੇ ਖੰਘੂਰਾ ਮਾਰਨ ਉੱਤੇ ਢੱਠੇ ਨੂੰ ਭਾਜੜਾਂ ਕਿਉਂ ਪੈ ਜਾਂਦੀਆਂ ਸਨ?

# ਬਲਰਾਜ ਸਾਹਨੀ

# (ਮੇਰਾ ਪਾਕਿਸਤਾਨੀ ਸਫ਼ਰਨਾਮਾ)

## 1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. ਲੇਖਕ ਕਿੱਥੇ ਜਾ ਰਿਹਾ ਸੀ?

2. ਲੇਖਕ ਕਿੰਨ੍ਹੇ ਸਾਲਾਂ ਬਾਅਦ ਆਪਣੇ ਪਿੰਡ ਜਾ ਰਿਹਾ ਸੀ?

3. ਸ਼ਹਿਰ ਦੇ ਪਿਛਲੇ ਦਰਵਾਜੇ ਦਾ ਕੀ ਨਾਂ ਸੀ?

4. ਲੇਖਕ ਰੱਬ ਤੋਂ ਕਿਉਂ ਨਾਰਾਜ਼ ਸੀ?

5. ਲੇਖਕ ਆਪਣਾ ਘਰ ਦੇਖ ਕੇ ਭਾਵੁਕ ਕਿਉਂ ਹੋ ਗਿਆ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-

1. ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਹੈ?

2. ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ?

3. ਗੁਲਾਮ ਮੁਹੰਮਦ ਨੂੰ ਮਿਲਕੇ ਲੇਖਕ ਕਿਵੇਂ ਮਹਿਸੂਸ ਕਰਦਾ ਹੈ?

4. ਲੇਖਕ ਨੇ ਆਪਣੀ ਗਲੀ ਦਾ ਜੋ ਨਕਸ਼ਾ ਖਿੱਚਿਆ ਹੈ, ਉਸਨੂੰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

# ਵਣਜਾਰਾ ਬੇਦੀ

# (ਟੁੱਟੀ-ਭੱਜੀ ਨੌਕਰੀ)

1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ:-

1. ਘਰ ਦੇ ਸਾਰੇ ਲੋਕ ਖੁਸ਼ ਕਿਉਂ ਸਨ?

2. "ਕੰਨ ਖੜ੍ਹੇ ਹੋਣਾ" ਤੋਂ ਕੀ ਭਾਵ ਹੈ?

3. ਲੇਖਕ ਨੂੰ ਨੌਕਰੀ ਕਿਉਂ ਪਸੰਦ ਨਹੀਂ ਸੀ?

4. ਟੁੱਟੀ-ਭੱਜੀ ਨੌਕਰੀ ਅਨੁਸਾਰ ਗੋਰੇ ਨੇ ਕਿਸ ਫ਼ਲ ਦਾ ਭਾਅ (ਮੁੱਲ) ਪੁੱਛਿਆ?

5. ਲੇਖਕ ਰਾਵਲਪਿੰਡੀ ਤੋਂ ਆ ਕੇ ਕਿੱਥੇ ਠਹਿਰਦਾ ਹੈ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ :-

1. ਲੇਖਕ ਨੂੰ ਸਰਕਾਰੀ ਨੌਕਰੀ ਕਿਉਂ ਪਸੰਦ ਨਹੀਂ ਸੀ?
2. ਭਾਈਆ ਜੀ ਸਰਹੱਦ ਪਾਰ ਕਰ ਕੇ ਭਾਰਤ ਕਿਵੇਂ ਪੁੱਜੇ?
3. ਦਿੱਲੀ ਪਹੁੰਚਣ ਉੱਤੇ ਲੇਖਕ ਦੇ ਪਰਵਾਰ ਵਾਲਿਆਂ ਦੀ ਮਦਦ ਕਿਸ ਨੇ ਅਤੇ ਕਿਵੇਂ ਕੀਤੀ?
4. ਭਾਰਤ ਦੀ ਵੰਡ ਸਮੇ ਉੱਜੜੇ ਲੋਕਾਂ ਨੂੰ ਕਿਹੋ ਜਿਹੀਆਂ ਔਕੜਾਂ ਦੀ ਸਾਹਮਣਾ ਕਰਨਾ ਪਿਆ?

# ਤਾਰਾ ਸਿੰਘ ਅਨਜਾਣ
# (ਸਭਹਨ ਕੇ ਸਿਰਮੌਰ)

## 1. ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ :-

1. 'ਸਭਹਨ ਕੇ ਸਿਰਮੌਰ' ਲੇਖ ਦਾ ਲੇਖਕ ਕੌਣ ਹੈ?
2. ਕੂਕਾ ਲਹਿਰ ਕਿਸ ਨੇ ਚਲਾਈ ਸੀ?
3. ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਬੋਲੀ ਨੂੰ ਤਰਜੀਹ (ਪਹਿਲ) ਦਿੱਤੀ?
4. 'ਸਭਹਨ ਕੇ ਸਿਰਮੌਰ' ਲੇਖ ਕਿਸ ਬਾਰੇ ਲਿਖਿਆ ਗਿਆ ਹੈ?
5. ਨਾਮਧਾਰੀਆਂ ਦੇ ਨਾ-ਮਿਲਵਰਤਨ ਲਹਿਰ ਵਿੱਚ ਅੰਗਰੇਜ਼ਾਂ ਵਿਰੁੱਧ ਕਿੰਨੇ ਸਿਧਾਂਤ ਬਣਾਏ?

## 2. 40-50 ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ:-

1. ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਵਾਸਤੇ ਕੀ ਕੀ ਕੀਤਾ?
2. ਨਾਮਧਾਰੀ ਪੰਥ ਦੇ ਮੋਢੀ ਕੌਣ ਸਨ?
3. ਅੰਗਰੇਜ਼ੀ ਰਾਜ ਦੀ ਆਰਥਕਤਾ ਨੂੰ ਢਾਹ ਲਾਉਣ ਲਈ ਕੂਕਾ ਲਹਿਰ ਨੇ ਕਿਹੜਾ ਢੰਗ ਅਪਣਾਇਆ?
4. ਸਤਿਗੁਰੂ ਰਾਮ ਸਿੰਘ ਜੀ ਨੇ ਦੇਸ ਦੀ ਆਜ਼ਾਦੀ ਤੇ ਸਮਾਜ ਸੁਧਾਰ ਲਈ ਕਿਹੜੇ ਯਤਨ ਕੀਤੇ?

# ਅਦਰਸ਼ ਪ੍ਰਸ਼ਨ ਪੱਤਰ (ਉੱਤਰ ਸਹਿਤ)

## ਜਮਾਤ :- ਦਸਵੀਂ

## ਵਿਸ਼ਾ :- ਪੰਜਾਬੀ

**ਸਮਾਂ : 3 ਘੰਟੇ** **ਕੁੱਲ ਅੰਕ:100**

**ਨੋਟ :- ਲਿਖਾਈ ਸ਼ੁੱਧ ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ। ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

## ਭਾਗ - ੳ

### (ੳ) ਹੇਠ ਲਿਖਿਆਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ :-

1. ਨਿਰ : (ਅਗੇਤਰ ਲਾਕੇ ਦੋ ਸ਼ਬਦ ਬਣਾਓ) 1

ਨਿਰਬਲ, ਨਿਰਮਲ

2. ਮਈ : (ਪਿਛੇਤਰ ਲਾ ਕੇ ਦੋ ਸ਼ਬਦ ਬਣਾਓ) 1

ਸੋਗਮਈ, ਕੁੜਮਈ

3. ਜਗ ਨਾਲ ਬੀਤੀ (ਸਮਾਸੀ ਸ਼ਬਦ ਬਣਾਓ) 1

ਜਗ-ਬੀਤੀ

### (ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ:

### ਮਹਿੰਦਰ ਪੱਤਰ ਲਿਖਦਾ ਹੈ। 3

**ਉੱਤਰ :-** ਮਹਿੰਦਰ :- ਖਾਸ ਨਾਂਵ, ਕਰਤਾ ਕਾਰਕ, ਸਧਾਰਨ ਰੂਪ, ਪੁਲਿੰਗ, ਇਕ ਵਚਨ, ਲਿਖਦਾ ਹੈ ਕਿਰਿਆ ਦਾ ਕਰਤਾ।

ਪੱਤਰ :- ਆਮ ਨਾਂਵ, ਕਰਮ ਕਾਰਕ, ਸਧਾਰਨ ਰੂਪ, ਇਕ ਵਚਨ, ਲਿਖਦਾ ਹੈ ਕਿਰਿਆ ਦਾ ਕਰਮ।

(ੲ) 1. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:-

ਫੈਦਾ, ਕਰਮਵਾਰ, ਗਯਾਨੀ, ਸੋਰਾ 2

**ਉੱਤਰ :-** ਫ਼ਾਇਦਾ, ਕ੍ਰਮਵਾਰ, ਗਿਆਨੀ, ਸਹੁਰਾ।

**2.** ਹੇਠ ਲਿਖੇ ਵਾਕ ਨੂੰ ਸੋਧ ਕੇ ਲਿਖੋ:- 1

ਭਾਸ਼ਾ ਹੈ ਦੂਜੀ ਪੰਜਾਬੀ ਸਾਡੀ।

**ਉੱਤਰ :-** ਪੰਜਾਬੀ ਸਾਡੀ ਦੂਜੀ ਭਾਸ਼ਾ ਹੈ।

(ਸ) ਹੇਠ ਲਿਖੇ ਵਾਕਾਂ ਨੂੰ ਬਰੈਕਟਾਂ ਵਿੱਚ ਦਿੱਤਿਆਂ ਹਦਾਇਤਾ ਅਨੁਸਾਰ ਬਦਲੋ:- 3

1. ਗੀਤਾ ਨੂੰ ਆਪਣੇ ਪਿਤਾ ਜੀ ਦੇ ਆਉਣ ਦਾ ਪਤਾ ਸੀ। (ਮਿਸ਼ਰਤ ਵਾਕ ਵਿੱਚ ਬਦਲੋ)

**ਉੱਤਰ :-** ਗੀਤਾ ਨੂੰ ਪਤਾ ਸੀ ਕਿ ਉਸ ਦੇ ਪਿਤਾ ਜੀ ਆਉਣ ਵਾਲੇ ਸਨ।

2. ਹਰ ਵੇਲੇ ਸ਼ੈਤਾਨੀ ਕਰਨ ਵਾਲਾ ਬੱਚਾ ਫੜਿਆ ਗਿਆ। (ਸਧਾਰਨ ਵਾਕ ਵਿੱਚ ਬਦਲੋ)

**ਉੱਤਰ :-** ਉਹ ਬੱਚਾ ਜੋ ਹਰ ਵੇਲੇ ਸ਼ੈਤਾਨੀ ਕਰਦਾ ਸੀ, ਫੜਿਆ ਗਿਆ।

3. ਮੇਰੇ ਨਾਲ ਇਨਸਾਫ ਕਰੋ। (ਕਰਮਨੀ ਵਾਚ ਵਿੱਚ ਬਦਲੋ)

ਮੇਰੇ ਨਾਲ ਇਨਸਾਫ਼ ਕੀਤਾ ਜਾਵੇ।

(ਹ) ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ:-

ਸਮਾਂ ਭੈੜਾ ਆ ਗਿਆ ਹੈ। ਕੋਈ ਕਿਸੇ ਦੀ ਮੰਨਦਾ ਨਹੀਂ ਹੁਣ ਤਾਂ ਦਿਨ ਕਟਣੇ ਵੀ ਔਖੇ ਹੋ ਗਏ ਹਨ।

**ਉੱਤਰ :-** ਸਮਾਂ ਭੈੜਾ ਆ ਗਿਆ ਹੈ ਕੋਈ ਕਿਸੇ ਦੀ ਮੰਨਦਾ ਨਹੀਂ। ਹੁਣ ਤਾਂ ਦਿਨ ਕਟਣੇ ਵੀ ਔਖੇ ਹੋ ਗਏ ਹਨ।

## (2) (ੳ)ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨਾਂ ਨੂੰ ਇਸ ਪ੍ਰਕਾਰ ਵਾਕਾਂ ਵਿੱਚ ਵਰਤੋ ਕਿ ਉਨ੍ਹਾਂ ਦੇ ਅਰਥ ਸਪਸ਼ਟ ਹੋ ਜਾਣ। 3

ਗਲ ਪਿਆ ਢੋਲ ਵਜਾਉਣਾ, ਘਿਉ ਖਿਚੜੀ ਹੋਣਾ, ਪਾਪੜ ਵੇਲਣੇ, ਵਾਸਤੇ ਪਾਉਣੇ, ਸ਼ਰਮ ਨਾਲ ਪਾਣੀ-ਪਾਣੀ ਹੋ ਜਾਣਾ।

**ਉੱਤਰ :-** 1. ਗਲ ਪਿਆ ਢੋਲ ਵਜਾਉਣਾ :-ਮੇਰਾ ਤਾਂ ਇਸ ਕੰਮ ਵਿੱਚ ਮਨ ਨਹੀਂ ਸੀ ਲੱਗਦਾ ਮੈਂ ਤਾਂ ਗਲ ਪਿਆ ਢੋਲ ਵਜਾ ਰਿਹਾ ਹਾਂ।

2. ਘਿਉ ਖਿਚੜੀ ਹੋਣਾ :- ਅੱਜਕਲ੍ਹ ਗੀਤਾ ਤੇ ਪ੍ਰੀਤੀ ਘਿਉ ਖਿਚੜੀ ਹੋ ਕੇ ਰਹਿੰਦੇ ਹਨ।

3. ਪਾਪੜ ਵੇਲਣੇ :- ਸਤੀਸ਼ ਨੇ ਨੌਕਰੀ ਲਈ ਬਹੁਤ ਪਾਪੜ ਵੇਲੇ, ਪਰ ਉਸ ਨੂੰ ਨੌਕਰੀ ਨਸੀਬ ਨਾ ਹੋਈ।

4. ਵਾਸਤੇ ਪਾਉਣੇ :- ਚੋਰ ਜਦ ਚੋਰੀ ਕਰਦਾ ਫੜਿਆ ਗਿਆ ਤਾਂ ਪੁਲਿਸ ਤੋਂ ਬੱਚਣ ਲਈ ਉਸਨੇ ਬਹੁਤ ਵਾਸਤੇ ਪਾਏ ਪਰ ਪੁਲਿਸ ਨੇ ਉਸ ਨੂੰ ਨਾ ਛੱਡਿਆ।

5. ਸ਼ਰਮ ਨਾਲ ਪਾਣੀ-ਪਾਣੀ ਹੋ ਜਾਣਾ :- ਜਦੋਂ ਮਹੇਸ਼ ਦੀ ਅਸਲੀਅਤ ਦਾ ਪਤਾ ਚੱਲਿਆ ਤਾਂ ਉਹ ਪਾਣੀ-ਪਾਣੀ ਹੋ ਗਿਆ।

## (ਅ) ਹੇਠ ਲਿਖੇ ਅਖਾਣ ਕਿਹੜੇ-ਕਿਹੜੇ ਮੌਕਿਆਂ ਤੇਂ ਵਰਤੇ ਜਾਂਦੇ ਹਨ :- 2

1. ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ

2. ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ

1. ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ :- ਪਿਤਾ ਨੇ ਆਪਣੇ ਪੁੱਤਰ ਭੈੜੀ ਸੰਗਤ ਤੋਂ ਬਚਾਉਂਣ ਲਈ ਕਿਹਾ, ਤੂੰ ਉਨ੍ਹਾਂ ਦਾ ਸਾਥ ਛੱਡ ਦੇ ਨਹੀਂ ਤਾਂ ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ ਹੋਵੇਗਾ।

2. ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ :- ਉਸ ਨੇ ਕੱਲ੍ਹ ਪੁਲਿਸ ਵਾਲਿਆਂ ਦੇ ਨਾਂ ਲੈਕੇ ਸਾਰਿਆਂ ਦੇ ਸ਼ਾਮਿਲ ਹੋਣ ਦੀ ਗੱਲ ਕੀਤੀ ਤਾਂ ਮੈਂ ਕਿਹਾ ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ।

## (3) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 300 ਸ਼ਬਦਾਂ ਦਾ ਲੇਖ ਲਿਖੋ:- 12

1. ਮੇਰਾ ਮਨ ਭਾਉਂਦਾ ਅਧਿਆਪਕ
2. ਰਾਸ਼ਟਰ ਦੇ ਨਿਰਮਾਣ ਵਿੱਚ ਇਸਤਰੀ ਦਾ ਯੋਗਦਾਨ
3. ਰੁੱਖਾਂ ਦੇ ਲਾਭ
4. ਜੇ ਮੈਂ ਪ੍ਰਿੰਸੀਪਲ ਹੁੰਦਾ
5. ਮਨਿ ਜੀਤੈ ਜਗੁ ਜੀਤ

ਰੁੱਖਾਂ ਦੇ ਲਾਭ

ਭੂਮਿਕਾ:-ਅੱਜ ਦੇ ਸਮੇਂ ਵਿੱਚ ਅਸੀਂ ਪ੍ਰਦੂਸ਼ਣ ਦਾ ਵੱਡੇ-ਵੱਡੇ ਸ਼ਹਿਰਾਂ ਵਿੱਚ ਸ਼ਿਕਾਰ ਹੋ ਰਹੇ ਹਾਂ। ਕਿਉਂਕਿ ਵੱਡੇ -ਵੱਡੇ ਸ਼ਹਿਰਾਂ ਵਿੱਚ ਸਾਹ ਲੈਣਾ ਮੁਸ਼ਕਲ ਹੋ ਗਿਆ ਹੈ। ਇਸ ਦਾ ਮੁੱਖ ਕਾਰਨ ਲਗਭਗ ਵੱਧ ਰਹੀ ਅਬਾਦੀ ਹੈ। ਦੂਜਾ ਕਾਰਨ ਦਰਖਤਾਂ ਦੀ ਕਟਾਈ ਹੈ।

ਪ੍ਰਾਚੀਨ ਸਮੇਂ ਵਿਚ ਦਰੱਖਤਾਂ ਦੀ ਪੂਜਾ :-ਸਾਨੂੰ ਲਗਦਾ ਹੈ ਕਿ ਸਾਡੇ ਲੋਕ ਪੁਰਾਣੇ ਸਮੇਂ ਵਿੱਚ ਜੰਗਲਾਂ ਤੇ ਦਰੱਖਤਾਂ ਦੀ ਮਹਾਨਤਾ ਨੂੰ ਸਮਝਦੇ ਸਨ। ਅੱਜ ਵੀ ਦੇਖਿਆ ਜਾਵੇ ਤਾਂ ਸਾਡੇ ਦੇਸ਼ ਵਿੱਚ ਪਿੱਪਲ, ਅੰਬ ਅਤੇ ਅਨਾਰ ਅਤੇ ਜੰਡ ਆਦਿ ਦਰੱਖਤਾਂ ਦੀ ਪੂਜਾ ਕੀਤੀ ਜਾਂਦੀ ਹੈ। ਦਰੱਖਤ ਲਗਾਉਂਣ ਨੂੰ ਪੁੰਨ ਸਮਝਿਆ ਜਾਂਦਾ ਹੈ। ਦਰੱਖਤਾਂ ਨੂੰ ਕਟਣਾ ਪਾਪ ਸਮਝਿਆ ਜਾਂਦਾ ਹੈ ਐਸਾ ਪੁਰਾਣਾ ਵਿੱਚ ਵੀ ਜ਼ਿਕਰ ਆਉਂਦਾ ਹੈ।

ਚਿਪਕੋ ਅੰਦੋਲਨ :- ਅਸੀਂ ਹਮੇਸ਼ਾਂ ਦਰੱਖਤਾਂ ਦੇ ਪ੍ਰਤੀ ਉਦਾਸੀਨ ਰਹਿੰਦੇ ਹਾਂ। ਦਰੱਖਤਾਂ ਦੀ ਲਗਾਤਾਰ ਕਟਾਈ ਹੋ ਰਹੀ ਹੈ ਇਸ ਵੱਲ ਸਾਡਾ ਕੋਈ ਧਿਆਨ ਨਹੀਂ ਹੈ ਅਸੀਂ ਲਾਭ ਘੱਟ ਤੇ ਨੁਕਸਾਨ ਜ਼ਿਆਦਾ ਕਰਦੇ ਹਾਂ। ਇਸ ਤਰ੍ਹਾਂ ਕਈ ਪਰਬਤ ਜੰਗਲਾਂ ਤੋਂ ਰਹਿਤ ਹੋ ਗਏ ਹਨ।

ਪੋਦਿਆਂ ਦਾ ਮਹੱਤਵ :- ਸਾਡੇ ਜੀਵਨ ਵਿੱਚ ਰੁੱਖਾਂ ਤੇ ਪੋਦਿਆਂ ਦਾ ਬਹੁਤ ਮਹੱਤਵ ਹੈ। ਇਨ੍ਹਾਂ ਤੋਂ ਬਿਨਾਂ ਸਾਡਾ ਜੀਵਨ ਦੂਸ਼ਿਤ ਹੋ ਜਾਵੇਗਾ। ਪੋਦੇ ਤੇ ਰੁੱਖ ਸਾਡੇ ਜੀਵਨ ਦੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਬਣਾ ਸਕਦੇ ਹਨ। ਪੋਦੇ ਆਪਣੀ ਖ਼ੁਰਾਕ ਲਈ ਹਵਾ ਵਿੱਚੋਂ ਕਾਰਬਨ ਲੈਂਦੇ ਹਨ ਤੇ ਹਵਾ ਵਿੱਚ ਆਕਸੀਜਨ ਛੱਡਦੇ ਹਨ। ਜੋ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ।

ਜੰਗਲਾਂ ਦੇ ਲਾਭ :- ਜੰਗਲਾਂ ਵਿੱਚੋਂ ਸਾਨੂੰ ਕਈ ਪ੍ਰਕਾਰ ਦੀਆਂ ਜੜੀਆਂ ਬੂਟੀਆਂ ਮਿਲਦੀਆਂ ਹਨ। ਜਿਨ੍ਹਾਂ ਤੋਂ ਕਈ ਪ੍ਰਕਾਰ ਦੀਆਂ ਦੁਆਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਜੰਗਲਾਂ ਵਿੱਚ ਇਕ ਇਸ ਤਰ੍ਹਾਂ ਦਾ ਘਾਹ ਵੀ ਪੈਦਾ ਹੁੰਦਾ ਹੈ ਜਿਸ ਤੋਂ ਕਾਗਜ਼ ਤਿਆਰ ਕੀਤਾ ਜਾਂਦਾ ਹੈ। ਰੁੱਖਾਂ ਦੀ ਲਕੜੀ ਤੋਂ ਕਈ ਤਰ੍ਹਾਂ ਦੇ ਖੇਡਾਂ ਦਾ ਸਮਾਨ ਤਿਆਰ ਕੀਤਾ ਜਾਂਦਾ ਹੈ। ਦਰੱਖਤਾਂ ਤੋਂ ਸਾਨੂੰ ਗੂੰਦ, ਲਾਖ, ਹਿੰਗ, ਰੱਬੜ, ਬਰੋਜ਼ਾ ਅਤੇ ਤਾਰਪੀਨ ਦਾ ਤੇਲ ਪ੍ਰਾਪਤ ਹੁੰਦਾ ਹੈ।

ਵਰਖਾ ਲਿਆਉਣ ਵਿੱਚ ਸਹਾਇਕ :- ਰੁੱਖ ਵਰਖਾ ਲਿਆਉਣ ਵਿੱਚ ਸਹਾਇਕ ਹੁੰਦੇ ਹਨ। ਉੱਚੇ-ਉੱਚੇ ਦਰੱਖਤਾਂ ਦੀਆਂ ਨੋਕਾਂ ਵਿੱਚ ਬਿਜਲੀ ਹੁੰਦੀ ਹੈ ਜੋ ਕਿ ਬਦਲਾਂ ਨੂੰ ਆਪਣੇ ਵੱਲ ਖਿਚਦੀ ਹੈ ਇਸ ਕਾਰਨ ਜੰਗਲਾਂ ਵਿੱਚ

ਜ਼ਿਆਦਾ ਵਰਖਾ ਹੁੰਦੀ ਹੈ।

ਉਪਾਅ :- ਜੰਗਲ ਅਤੇ ਦਰੱਖਤ ਦੇਸ਼ ਦੀ ਕੀਮਤੀ ਦੌਲਤ ਹਨ ਅਤੇ ਇਹਨਾਂ ਨੂੰ ਬਚਾਉਣਾ ਦੇਸ਼ ਸੇਵਾ ਹੈ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰਖਦੇ ਹੋਏ ਸਾਨੂੰ ਦਰੱਖਤ ਲਗਾਉਣੇ ਚਾਹੀਦੇ ਹਨ। ਇਸ ਕਰਕੇ ਸਾਨੂੰ ਰੁੱਖਾਂ ਦੀ ਰਾਖੀ ਕਰਨੀ ਚਾਹੀਦੀ ਹੈ।

## (4) ਮਕਾਨ ਮਾਲਕ ਨੂੰ ਘਰ ਦੀ ਮੁਰੰਮਤ ਲਈ ਪੱਤਰ ਲਿਖੋ:-

ਜਾਂ

ਦਿੱਲੀ ਵਿੱਚ ਔਰਤਾਂ ਦੀ ਅਸੁਰੱਖਿਆ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਇਸ ਬਾਰੇ ਆਪਣੇ ਵਿਚਾਰ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ:-

## ਉੱਤਰ :-

26 ਮਾਡਲ ਟਾਊਨ

ਜਲੰਧਰ।

17 ਜੁਲਾਈ 2009

ਸ੍ਰੀਮਾਨ ਜੀ,

ਬੇਨਤੀ ਹੈ ਕਿ ਪਿਛਲੀ ਵਾਰ ਜਦੋਂ ਤੁਹਾਡਾ ਆਦਮੀ ਕਿਰਾਇਆਂ ਲੈਣ ਵਾਸਤੇ ਆਇਆ ਸੀ। ਮੈਂ ਉਸਨੂੰ ਸਾਰੇ ਘਰ ਦੀ ਵਿਗੜੀ ਹੋਈ ਦਸ਼ਾ ਦਿਖਾਈ ਸੀ ਤੇ ਕਿਹਾ ਸੀ ਇਸਦੀ ਜਲਦੀ ਮੁਰੰਮਤ ਕਰਵਾ ਦਿੱਤੀ ਜਾਵੇ, ਪਰ ਇਸ ਪਾਸੇ ਵੱਲ ਹੁਣ ਤਕ ਧਿਆਨ ਨਹੀਂ ਦਿੱਤਾ ਗਿਆ।

ਬਰਸਾਤ ਦੇ ਦਿਨਾਂ ਵਿੱਚ ਸਾਰੇ ਕਮਰੇ ਚੌਣ ਲੱਗ ਪੈਂਦੇ ਹਨ। ਪਿਛਲੇ ਪੰਜਾਂ ਸਾਲਾਂ ਤੋਂ ਸਫ਼ੈਦੀ ਵੀ ਨਹੀਂ ਕਰਵਾ ਕੇ ਦਿੱਤੀ। ਇਕ ਦੋ ਕਮਰਿਆਂ ਦੀਆਂ ਅਲਮਾਰੀਆਂ ਦੇ ਸ਼ੀਸ਼ੇ ਵੀ ਟੁੱਟੇ ਹੋਏ ਹਨ। ਬਾਹਰਲੇ ਵਰਾਂਡੇ ਦਾ ਫਰਸ਼ ਵੀ ਬਹੁਤ ਜ਼ਿਆਦਾ ਟੁੱਟਿਆ ਹੋਇਆ ਹੈ।

ਮੈਨੂੰ ਆਸ ਹੈ ਕੀ ਤੁਸੀਂ ਜਲਦੀ ਹੀ ਮਕਾਨ ਦੀ ਮੁਰੰਮਤ ਕਰਵਾਉਂਣ ਦੀ ਕਿਰਪਾ ਕਰੋਗੇ। ਜੇਕਰ ਸਮਾਂ ਨਾ ਹੋਣ ਕਰਕੇ ਤੁਹਾਨੂੰ ਕੋਈ ਮਜਬੂਰੀ ਹੋਵੇ ਤਾਂ ਮੈਨੂੰ ਆਗਿਆ ਦਿਉ। ਮੈਂ ਆਪਣੇ ਵੱਲੋਂ ਪੈਸੇ ਖਰਚ ਕਰ ਕਿਰਾਏ ਵਿੱਚ ਕੱਟ ਲਵਾਂਗਾ।

ਮੈਨੂੰ ਉਂਮੀਦ ਹੈ ਕਿ ਮੈਨੂੰ ਹੁਣ ਤੁਹਾਨੂੰ ਦੁਬਾਰਾ ਨਹੀਂ ਲਿਖਣਾ ਪਵੇਗਾ।

ਤੁਹਾਡਾ ਸੁਭਚਿੰਤਕ

ਮਨਪ੍ਰੀਤ ਸਿੰਘ

## (5) ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਤੇ ਢੁਕਵਾਂ ਸਿਰਲੇਖ ਵੀ ਲਿਖੋ:- 10

ਸਿਨੇਮਾ ਮਨ-ਪਰਚਾਵੇ ਦਾ ਇੱਕ ਬਹੁਤ ਚੰਗਾ ਸਾਧਨ ਹੈ। ਅਸੀਂ ਥੋੜੇ ਜਿਹੇ ਪੈਸੇ ਖਰਚ ਕਰਕੇ ਕਾਫ਼ੀ ਸਮਾਂ ਆਪਣਾ ਮਨ ਪਰਚਾ ਸਕਦੇ ਹਾਂ। ਇਹੋ ਹੀ ਕਾਰਨ ਹੈ ਕਿ ਸਿਨੇਮਾ ਵੇਖ ਕੇ ਮਨ-ਪਰਚਾਉਣ ਵਾਲੀਆਂ ਦੀਆਂ

ਸਿਨੇਮਾ-ਘਰਾਂ ਅੱਗੇ ਭੀੜਾਂ ਲੱਗਿਆ ਰਹਿੰਦੀਆਂ ਹਨ। ਹਰ ਇਕ ਆਦਮੀ ਸਿਨੇਮਾ ਵੇਖਣ ਲਈ ਇਸ ਭੀੜ ਵਿੱਚ ਸ਼ਾਮਲ ਹੋਣ ਲਈ ਤਿਆਰ ਰਹਿੰਦਾ ਹੈ ਕਿਉਂਕਿ ਇਹ ਦਿਨ ਭਰ ਥਕੇਵਾਂ ਉਤਾਰਨ ਤੇ ਮਨ ਉਪਰ ਪਏ ਬੋਝ ਨੂੰ ਤਾਰਨ ਲਈ ਹੋਰ ਕੋਈ ਵੀ ਇੰਨ੍ਹਾ ਚੰਗਾ ਸਾਧਨ ਨਹੀਂ।

ਉੱਤਰ :- ਸਿਨੇਮਾ ਮਨਪਰਚਾਵੇ ਦਾ ਸਭ ਤੋਂ ਵੱਧਿਆ ਤੇ ਸਸਤਾ ਸਾਧਨ ਹੈ। ਥਕੇਵਾਂ ਉਤਾਰਨ ਤੇ ਮਨ ਉੱਪਰ ਪਏ ਬੋਝ ਨੂੰ ਲਾਹੁਣ ਲਈ ਹਰ ਕੋਈ ਸਿਨੇਮਾ ਵੇਖਣ ਵਾਲਿਆਂ ਦੀ ਭੀੜ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ।

ਸਿਰਲੇਖ :- ਮਨ ਪਰਚਾਵੇ ਦਾ ਸਾਧਨ ਸਿਨੇਮਾ।

# ਭਾਗ - ਅ

(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਉੱਤੇ ਇੱਕ-ਇੱਕ ਵਾਕ ਵਿੱਚ ਦਿਉ:- 8

1. ਕਰਾਮਾਤ ਕਹਾਣੀ ਦੇ ਲੇਖਕ ਦਾ ਨਾਂ ਲਿਖੋ।

   ਉੱਤਰ :- ਕਰਤਾਰ ਸਿੰਘ ਦੁੱਗਲ।

2. ਬਾਬਰ ਬਾਣੀ ਫਿਰਿ ਗਈ ਕਿਸ ਗੁਰੂ ਦੀ ਰਚਨਾ ਹੈ?

   ਉੱਤਰ :- ਸ੍ਰੀ ਗੁਰੂ ਨਾਨਕ ਦੇਵ ਜੀ।

3. ਕੋਊ ਨ ਨਿਬਹਿਓ ਸਾਥਿ ਇਕਾਂਗੀ ਵਿੱਚ ਕਿੰਨੇ ਪਾਤਰ ਹਨ?

   ਉੱਤਰ :- ਇਸ ਇਕਾਂਗੀ ਵਿੱਚ ਪੰਜ ਪਾਤਰ ਹਨ।

4. ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਦੀ ਮੌਤ ਕਦੋਂ ਤੇ ਕਿੱਥੇ ਹੋਈ?

   ਉੱਤਰ :- ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਦੀ ਮੌਤ 17 ਅਪ੍ਰੈਲ 1975 ਨੂੰ ਮਦਰਾਸ ਵਿੱਚ ਹੋਈ।

5. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੁਪਤਨੀ ਦਾ ਕੀ ਨਾਂ ਸੀ?

   ਉੱਤਰ :- ਸ੍ਰੀ ਗੁਰੂ ਤੇਗ ਬਹਾਦਰ ਦੀ ਸੁਪਤਨੀ ਦਾ ਨਾਂ ਮਾਤਾ ਗੁਜਰੀ ਸੀ।

6. ਪੰਜਾਬ ਕਿਸ ਦੇ ਨਾਂ ਉੱਤੇ ਜਿਉਂਦਾ ਹੈ?

   ਉੱਤਰ :- ਪੰਜਾਬ ਸਿੱਖ ਗੁਰੂਆਂ ਦੇ ਨਾਂ ਉੱਤੇ ਜਿਉਂਦਾ ਹੈ?

7. ਪੰਡਿਤ ਨਹਿਰੂ ਜੀ ਸਿੱਖਾਂ ਨਾਲ ਕਿਸ ਮੋਰਚੇ ਵਿੱਚ ਕੈਦ ਹੋਏ?

   ਉੱਤਰ :- ਪੰਡਿਤ ਨਹਿਰੂ ਜੀ ਜੈਤੋਂ ਦੇ ਮੋਰਚੇ ਵਿੱਚ ਸਿੱਖਾਂ ਦੇ ਨਾਲ ਕੈਦ ਹੋਏ ਸਨ।

8. ਅਹਿਦਨਾਮਾ ਕਵਿਤਾ ਕਿਸ ਕਵਿਤਰੀ ਦੀ ਲਿਖੀ ਹੋਈ ਹੈ?

   ਉੱਤਰ :- ਇਹ ਕਵਿਤਾ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਹੋਈ ਹੈ।

(7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਅਧਾਰ ਤੇ 40-50 ਸ਼ਬਦਾਂ ਵਿੱਚ ਲਿਖੋ:- 8

1. ਤੂ ਠਾਕੁਰੁ ਰਚਨਾ ਵਿੱਚ ਗੁਰੂ ਅਰਜਨ ਦੇਵ ਜੀ ਨੇ ਠਾਕੁਰ ਅਤੇ ਬਾਰਿਕ ਸ਼ਬਦਾਂ ਦੀ ਵਰਤੋਂ ਕਿਉਂ ਕੀਤੀ ਹੈ?

ਉੱਤਰ :- ਤੂ ਠਾਕੁਰੁ ਸ਼ਬਦ, ਰਚਨਾ ਵਿੱਚ ਗੁਰੂ ਅਰਜਨ ਦੇਵ ਜੀ ਨੇ (ਜੀਵਾਤਮਾ) ਲਈ ਵਰਤਿਆ ਹੈ। ਪ੍ਰਮਾਤਮਾ ਨੂੰ ਠਾਕੁਰੁ ਸਮਾਨ ਜਾਣ ਕੇ ਅਤੇ ਆਪਣੇ ਆਪ ਨੂੰ ਬੱਚਾ ਜਾਣ ਕੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੈ।

2. ਜੀਤੀ ਨੂੰ ਆਪਣੀ ਮਾਂ ਉੱਤੇ ਗੁੱਸਾ ਕਿਉਂ ਆਉਂਦਾ ਸੀ?

ਉੱਤਰ :- ਜੀਤੀ ਨੂੰ ਆਪਣੀ ਮਾਂ ਉੱਤੇ ਗੁੱਸਾ ਉੱਦੋਂ ਆਉਂਦਾ ਜਦੋਂ ਉਹ ਦਾਦੀ ਨਾਲ ਪਿਆਰ ਕਰਦੀ, ਉਸਦੀ ਹਰ ਗੱਲ ਪਿਆਰ ਨਾਲ ਸੁਣਦੀ ਉਸ ਦੀ ਹਰ ਗੱਲ ਪੂਰੀ ਕਰਨ ਤੇ ਜੱਦ ਉਸ ਦੀ ਮਾਂ ਉਸ ਨੂੰ ਝਿੜਕ ਕੇ ਪੈਂਦੀ। ਜਦ ਉਹ ਦਾਦੀ ਦੇ ਕਹਿਣ ਤੇ ਆਪਣੇ ਪਿਤਾ ਨੂੰ ਚਿੱਠੀ ਲਿੱਖਣ ਤੋਂ ਰੋਕ ਦਿੰਦੀ।

3. ਅਰਦਾਸ ਦੀ ਕੀ ਕਰਾਮਾਤ ਹੈ?

ਉੱਤਰ :- ਅਰਦਾਸ ਦੀ ਬੜੀ ਵੱਡੀ ਕਰਾਮਾਤ ਹੈ। ਸੁੱਚੇ ਮਨ ਨਾਲ ਕੀਤੀ ਅਰਦਾਸ ਹਮੇਸ਼ਾ ਸਫ਼ਲ ਹੁੰਦੀ ਹੈ। ਅਰਦਾਸ ਮਨੁੱਖ ਲਈ ਚੜ੍ਹਦੀ ਕਲਾ ਦਾ ਸਾਧਨ ਹੈ ਜੋ ਮਨੁੱਖ ਨੂੰ ਉਸ ਦੇ ਛੁਟੇਰੇਪਨ ਤੋਂ ਉੱਚਾ ਬਣਾ ਦਿੰਦੀ ਹੈ। ਅਰਦਾਸ ਕਰਨ ਵਾਲਾ ਮਨੁੱਖ ਨਿੱਜ ਤੋਂ ਉੱਠ ਕੇ ਸਰਬਤ ਦਾ ਭਲਾ ਮੰਗ ਕੇ ਵਿਸ਼ਾਲਤਾ ਨਾਲ ਜੁੜ ਕੇ ਅੰਨਦਿਤ ਹੋ ਉਠਦਾ ਹੈ।

4. ਨੌਕਰੀ ਮਿਲਣ ਤੇ ਲੇਖਕ ਖੁਸ਼ ਵੀ ਸੀ ਤੇ ਦੁਖੀ ਵੀ ਸੀ ਕਿਉਂ?

ਉੱਤਰ :- ਨੌਕਰੀ ਮਿਲਣ ਤੇ ਲੇਖਕ ਖੁਸ਼ ਇਸ ਲਈ ਸੀ ਕਿਉਂਕਿ ਉਸ ਨੂੰ ਮੁਸ਼ਕਲ ਦੇ ਸਮੇਂ ਵਿੱਚ ਨੌਕਰੀ ਮਿਲ ਗਈ ਸੀ ਪਰ ਉਹ ਦੁਖੀ ਇਸ ਲਈ ਸੀ ਕਿਉਂਕਿ ਇਹ ਨੌਕਰੀ ਉਸਨੂੰ ਸਿਫਾਰਿਸ਼ ਨਾਲ ਮਿਲੀ ਸੀ ਨਾਲੇ ਇਸ ਨੌਕਰੀ ਵਿੱਚ ਅੰਗਰੇਜ਼ ਸਰਕਾਰ ਦੀ ਗੁਲਾਮੀ ਵੀ ਸੀ।

5. ਮੁਸਾਫ਼ਰਾਂ ਨੂੰ ਡਰਾਉਣ ਲਈ ਸਰਕਾਰ ਨੇ ਕੀ-ਕੀ ਗੱਲਾਂ ਕਹੀਆਂ?

ਉੱਤਰ:- ਮੁਸਾਫ਼ਰਾਂ ਨੂੰ ਡਰਾਉਣ ਲਈ ਸਰਕਾਰ ਨੇ ਕਿਹਾ ਕਿ ਜ਼ਹਾਜ਼ ਚੱਲਣ ਨਹੀਂ ਦਿੱਤਾ ਜਾਵੇਗਾ। ਜੇ ਜਹਾਜ਼ ਚੱਲ ਵੀ ਪਿਆ ਤਾਂ ਕਨੇਡਾ ਵਿੱਚ ਮੁਸਾਫਰਾਂ ਨੂੰ ਉਤਰਨ ਨਹੀਂ ਦਿੱਤਾ ਜਾਵੇਗਾ। ਮੁਸਾਫਰਾਂ ਨੂੰ ਡਰਾਉਣ ਲਈ ਹੀ ਬਾਬਾ ਗੁਰਦਿੱਤ ਸਿੰਘ ਨੂੰ ਗੁਰਦੁਆਰੇ ਵਿੱਚ ਗਿਰਫ਼ਤਾਰ ਕਰ ਲਿਆ ਗਿਆ ਸੀ।

6. ਲੇਖਕ ਨੂੰ ਪਹਾੜੀ ਉੱਤੇ ਪੰਜਾ ਲਾਉਣ ਵਾਲੀ ਸਾਖੀ ਤੇ ਕਿਵੇਂ ਯਕੀਨ ਆਇਆ?

ਉੱਤਰ:- ਜਦੋਂ ਲੇਖਕ ਨੇ ਪੰਜਾ ਸਾਹਿਬ ਦੇ ਸਾਕੇ ਦੀ ਘਟਨਾ ਆਪਣੀ ਮਾਤਾ ਦੀ ਸਹੇਲੀ ਦੇ ਮੂੰਹੋ ਸੁਣੀ। ਜਿਸ ਦੇ ਪਤੀ ਦੇ ਸ਼ਰੀਰ ਤੇ ਗੱਡੀ ਦੇ ਪਹਿਏ ਚੜ੍ਹ ਗਏ ਸਨ ਤਾਂ ਲੇਖਕ ਨੂੰ ਯਕੀਨ ਆ ਗਿਆ ਕਿ ਜੇਕਰ ਕਿ ਹਨੇਰੀ ਵਾਂਗ ਉਡਦੀ ਹੋਈ ਗੱਡੀ ਨੂੰ ਲੋਕਾਂ ਰਾਹੀਂ ਰੋਕਿਆ ਜਾ ਸਕਦਾ ਹੈ ਤਾਂ ਕਰਨੀ ਵਾਲੇ ਬਾਬਾ ਨਾਨਕ ਲਈ ਪੰਜੇ ਰਾਹੀ ਪਹਾੜੀ ਨੂੰ ਰੋਕਣਾ ਸੰਭਵ ਕਿਉਂ ਨਹੀਂ ਹੋ ਸਕਦਾ।

7. ਲੇਖਕ ਨੇ ਸਮਾਜਕ ਨਾ-ਬਰਾਬਰੀ ਖਤਮ ਕਰਨ ਕੀ ਜਤਨ ਕੀਤੇ?

ਉੱਤਰ:- ਲੇਖਕ ਦੇ ਸਮਾਜਕ ਨਾ-ਬਰਾਬਰੀ ਖਤਮ ਕਰਨ ਲਈ ਪ੍ਰੋਫ਼ੈਸਰਾਂ ਅਤੇ ਵਿੱਦਿਆਰਥੀਆਂ ਨੇ ਮਿਲਕੇ ਜਲਿਆਂ ਵਾਲੇ ਬਾਗ ਵਿੱਚ ਅਛੂਤਾਂ ਅੰਮ੍ਰਿਤ ਛਕਾ ਕੇ ਉਨ੍ਹਾਂ ਨੂੰ ਉੱਚ ਜਾਤੀਆਂ ਦੇ ਬਰਾਬਰ ਕੀਤਾ ਇਸ ਦੇ ਨਾਲ ਲੇਖਕ ਨੇ ਦਰਬਾਰ ਸਾਹਿਬ ਜਾ ਕੇ ਉਨ੍ਹਾਂ ਨੂੰ ਬਰਾਬਰੀ ਦਾ ਹੱਕ ਦੁਆਇਆ।

8. ਧਰਮ ਬਾਰੇ ਟਾਲਸਟਾਏ ਦੇ ਵਿਚਾਰ ਲਿਖੋ।

ਉੱਤਰ:- ਟਾਲਸਟਾਏ ਸੱਚੇ ਧਰਮਾਂ ਵਿੱਚ ਵਿਸ਼ਵਾਸ ਰੱਖਦਾ ਹੈ। ਉਹ ਧਾਰਮਿਕ ਪੰਡਤਾਂ ਦਾ ਵਿਰੋਧੀ ਸੀ। ਉਹਦੇ ਮੁਤਾਬਕ ਧਰਮਾਂ ਦੇ ਮੂਲ ਸਿਧਾਂਤ ਇੱਕੋ ਜਿਹੇ ਹਨ। ਉਹਨਾਂ ਦੀ ਧਰਮ ਫ਼ਿਲਾਸਫੀ ਸੀ, ਕਿਸੇ ਨਾਲ ਵੈਰ ਭਾਵ

ਨਾ ਰੱਖੋ, ਹਿੰਸਾ ਨਾ ਕਰੋ, ਆਪਣੀ ਇਛਾਵਾਂ ਨੂੰ ਸੀਮਤ ਕਰੋ, ਪ੍ਰਾਣੀ ਮਾਤਰ ਦੀ ਸੇਵਾ ਕਰੋ, ਇਕ ਇਸਵਰ ਉਪਰ ਵਿਸ਼ਵਾਸ ਰਖੋ। ਉਸ ਦੇ ਧਰਮ ਬਾਰੇ ਇਹ ਵਿਚਾਰ ਸਨ।

9. ਫਰੰਗੀ ਦੀ ਕਿਹੜੀ ਗੱਲ ਲੋਕਾਂ ਨੂੰ ਮੰਜ਼ੂਰ ਨਹੀਂ ਸੀ , ਉਹਨਾਂ ਨੇ ਕੀ ਫ਼ੈਸਲਾ ਕੀਤਾ?

ਉੱਤਰ:- ਫਰੰਗੀ ਦਾ ਇਹ ਹੁਕਮ ਸੀ ਦੇਸ਼ ਭਗਤਾਂ ਨਾਲ ਭਰੀ ਹੋਈ ਗੱਡੀ ਨੂੰ ਰਸਤੇ ਵਿੱਚ ਕਿਤੇ ਵੀ ਨਾ ਰੋਕਿਆ ਜਾਵੇ, ਇਹ ਗੱਲ ਲੋਕਾਂ ਨੂੰ ਮੰਜ਼ੂਰ ਨਹੀਂ ਸੀ। ਲੋਕਾਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰਾਂ ਵੀ ਗੱਡੀ ਨੂੰ ਰੋਕਿਆ ਜਾਵੇ ਅਤੇ ਭੁੱਖੇ ਪਿਆਸੇ ਬੇਕਸੂਰ ਕੈਦੀਆਂ ਨੂੰ ਲੰਗਰ-ਪਾਣੀ ਛਕਾਏ ਬਿਨਾਂ ਗੱਡੀ ਨੂੰ ਚੱਲਣ ਨਹੀਂ ਦਿੱਤਾ ਜਾਵੇਗਾ।

(8) ਸਤਰ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 4

"ਅੱਧ ਲੱਥੀ ਪੈਂਟ ਉਹਨੇ ਬੈਲਟ ਤੋਂ ਫੜ ਕੇ ਫੇਰ ਉਤਾਂਹ ਵੱਲ ਖਿੱਚ ਲਈ।"

1. ਇਹ ਸਤਰ ਕਿਸ ਦੀ ਰਚਨਾ ਹੈ?

ਉੱਤਰ:- ਇਹ ਸਤਰ ਜਗਦੀਸ਼ ਕੌਸ਼ਲ ਦੀ ਰਚਨਾ ਹੈ।

2. ਇਸ ਕਹਾਣੀ ਦਾ ਨਾਂ ਕੀ ਹੈ?

ਉੱਤਰ :- ਇਸ ਕਹਾਣੀ ਦਾ ਨਾਂ ਗਸ਼ਤ ਹੈ।

3. ਕਿਸ ਨੇਂ ਅੱਧ ਲੱਥੀ ਪੈਂਟ ਉਤਾਂਹ ਵੱਲ ਖਿੱਚ ਲਈ ਅਤੇ ਕਿਉਂ?

ਉੱਤਰ :- ਠਾਣੇਦਾਰ ਮੁਖਤਿਆਰ ਸਿੰਘ ਨੇ ਅੱਧ ਲੱਥੀ ਪੈਂਟ ਬੈਲਟ ਤੋਂ ਫੜ ਕੇ ਉਤਾਂਹ ਵੱਲ ਖਿੱਚ ਲਈ ਕਿਉਂਕਿ ਜਦੋਂ ਉਹ ਆਪਣੇ ਦੋਸਤ ਨਾਲ ਖਾਣ ਪੀਣ ਵਾਲੀ ਗਸ਼ਤ ਕਰਕੇ ਚੌਕੀ ਵਿੱਚ ਵਾਪਸ ਆਇਆ ਅਤੇ ਇਹ ਪਤਾ ਲੱਗਣ ਤੇ ਕਿ ਪਿਛੋਂ ਵੱਡੇ ਸਾਹਬ ਆਏ ਸਨ ਇਹ ਸੁਣ ਕੇ ਡਰ ਦੇ ਮਾਰੇ ਅੱਧ ਲੱਥੀ ਪੈਂਟ ਬੈਲਟ ਫੜਕੇ ਉਤਾਂਹ ਵੱਲ ਖਿੱਚ ਲਈ।

(9) 'ਕੋਉ ਨ ਨਿਬਹਿਓ ਸਾਥਿ' ਇਕਾਂਗੀ ਵਿੱਚੋ ਤੁਹਾਨੂੰ ਸਮਾਜਕ ਵਰਤਾਰੇ ਬਾਰੇ ਕੀ ਪਤਾ ਚਲਦਾ ਹੈ? ਨਾਟਕ ਵਿੱਚੋ ਉਦਾਹਰਨਾਂ ਦੇ ਕੇ ਸਪਸ਼ਟ ਕਰੋ। 5

ਉੱਤਰ :- ਇਸ ਨਾਟਕ ਤੋਂ ਸਾਨੂੰ ਸਾਡੇ ਸਮਾਜਕ ਵਰਤਾਰੇ ਬਾਰੇ ਇਹ ਪਤਾ ਲੱਗਦਾ ਹੈ ਕਿ ਅੱਜ ਦਾ ਜ਼ਮਾਨਾ ਮਤਲਬ ਦਾ ਜ਼ਮਾਨਾ ਹੈ। ਜੱਦ ਕਿਸੇ ਨਾਲ ਮਤਲਬ ਹੋਵੇ ਤਾਂ ਦੋਸਤੀ ਹੈ ਨਹੀਂ ਤਾਂ ਕੋਈ ਕਿਸੇ ਦੀ ਬਾਤ ਨਹੀਂ ਪੁਛਦਾ। ਤੁਸੀ ਕਿੰਨਾ ਹੀ ਦੂਜੇ ਦਾ ਖਿਆਲ ਰੱਖੋ, ਰਿਸ਼ਤਾ ਨਿਭਾਓ ਪਰ ਜਦੋਂ ਤੁਹਾਨੂੰ ਲੋੜ ਹੋਵੇ, ਤਾਂ ਕੋਈ ਤੁਹਾਡੀ ਮਦਦ ਨਹੀਂ ਕਰਦਾ ਅੱਜ ਦੇ ਜ਼ਮਾਨੇ ਵਿੱਚ ਸ਼ਾਇਦ ਹੀ ਕੋਈ ਰਿਸ਼ਤਾ ਸੱਚੇ ਦਿੱਲੋਂ ਨਿਭਾ ਰਿਹਾ ਹੋਵੇ।

ਇਸ ਇਕਾਂਗੀ ਵਿੱਚ ਦਸੌਧਾ ਸਿੰਘ ਨੂੰ ਆਪਣੀ ਧੀ ਜਸਬੀਰ ਕੋਰ ਦੇ ਵਿਆਹ ਲਈ ਕੁੱਝ ਕੁ ਰੁਪਏ ਚਾਹੀਦੇ ਹਨ। ਇਸ ਲਈ ਉਹ ਆਪਣੇ ਮਿਤਰਾਂ ਕੋਲ ਮਦਦ ਦੀ ਆਸ ਵਿੱਚ ਜਾਂਦਾ ਹੈ ਪਰ ਸਾਰੇ ਹੀ ਕੋਈ ਨਾ ਕੋਈ ਮੁਸ਼ਕਲ ਦੱਸਕੇ ਗੱਲ ਟਾਲ ਦਿੰਦੇ ਹਨ। ਉਸਦੀ ਪਤਨੀ ਵੀ ਦਸੌਧਾ ਸਿੰਘ ਨੂੰ ਆਪਣੇ ਦੋਸਤਾਂ ਤੇ ਫਿਜ਼ੂਲ ਖਰਚੀ ਕਰਨ ਦੇ ਮਿਹਣੇ ਦਿੰਦੀ ਹੈ। ਦਸੌਧਾ ਸਿੰਘ ਦੁੱਖੀ ਹੋਕੇ ਕਹਿੰਦਾ ਹੈ ਕਿਸ਼ੋਰੀ ਜਰੂਰ ਧੋਖਾ ਦੇ ਗਿਆ ਹੈ।

(10)1. ਬਾਬਾ ਪੁੰਨੂ ਨੇਂ ਪਹਿਲਵਾਨ ਦੀ ਵਿਜੈ ਪਤਾਕਾ ਕਿਵੇਂ ਝੁਕਾਈ? 5

ਉੱਤਰ :- ਇਕ ਦੋ ਅਰੰਭਕ ਹੱਥ ਕਰਨ ਪਿੱਛੋ ਬਾਬੇ ਪੁੰਨੂੰ ਨੇ ਪਹਿਲਵਾਨ ਦੀ ਠੋਡੀ ਹੇਠਾਂ ਕੁਹਣੀ ਦਾ ਹੋੜਾ

ਦੇ ਕੇ ਮਗਰੋਂ ਗਰਦਨ ਵਲੋਂ ਵਲੇਵੇਂ ਨਾਲ ਉਤਾਂਹ ਨੂੰ ਘੜੀਸ ਕੇ ਪਹਿਲਵਾਨ ਨੂੰ ਬਾਹਾਂ ਉੱਤੇ ਧਰਤੀ ਤੋਂ ਉਪਰ ਵੱਲ ਨੂੰ ਅਜੇਹਾ ਚੁੱਕਿਆ ਕਿ ਉਸ ਦੇ ਪੈਰ ਧਰਤੀ ਉੱਤੇ ਹੀ ਨਾ ਲੱਗੇ ਜਦ ਉਸਦੀਆਂ ਅੱਖਾਂ ਬਾਹਰ ਆਉਣ ਲੱਗਿਆ ਤਾਂ ਲੋਕਾਂ ਦੇ ਕਹਿਣ ਤੇ ਬਾਬੇ ਨੇ ਪਹਿਲਵਾਨ ਨੂੰ ਛੱਡਿਆ। ਇਸ ਤਰ੍ਹਾਂ ਪੁੰਨੂੰ ਬਾਬੇ ਨੇ ਪਹਿਲਵਾਨ ਦੀ ਵਿਜੈ ਪਤਾਕਾ ਝੁਕਾਈ।

2. ਹੇਠਾ ਲਿਖੇ ਕਾਵਿ ਟੋਟਿਆਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-

(ੳ) ਬੋਲੀ ਮੁਟਿਆਰ ਅੱਗੋਂ ਪਿਆਰ ਦੇ ਪੁਜਾਰੀਆ ਵੇ ਮੈਂ ਤੈਨੂੰ ਥੋੜਾ ਜਿਹਾ ਚਾਹਨੀਆਂ ਵੰਗਾਰਿਆ। ਕੱਢ ਕੇ ਲਿਆਵੇਂ ਜੇ ਦਿਲ ਮਾਂ ਆਪਣੀ ਦਾ ਲਾਵਾਂ ਈ ਮੈਂ ਤੇਰੇ ਨਾਂਲ ਲੈ ਲਾਂਗੀ ਕਵਾਰਿਆ।

1. ਰਚਨਾ ਦੇ ਰਚਨਹਾਰ ਦਾ ਨਾਂ ਲਿਖੋ:-

ਉੱਤਰ :- ਇਸ ਦੇ ਰਚਨਹਾਰ ਦਾ ਨਾਂ ਫਿਰੋਜ਼ਦੀਨ ਸਰਫ਼ ਹੈ।

2. ਪਿਆਰ ਦੇ ਪੁਜਾਰਿਆ ਸ਼ਬਦ ਕਿਸਨੇ ਅਤੇ ਕਿਸ ਨੂੰ ਕਹੇ ਹਨ?

ਉੱਤਰ :- ਇਹ ਸ਼ਬਦ ਇਕ ਮੁਟਿਆਰ ਨੇ ਨੌਜੁਆਨ ਨੂੰ ਕਹੇ ਸਨ ਜੋ ਉਸ ਦੇ ਰੂਪ ਦਾ ਮਤਵਾਲਾ ਸੀ।

3. ਮੁਟਿਆਰ ਨੇਂ ਗੱਬਰੂ ਅੱਗੇ ਕੀ ਸ਼ਰਤ ਰੱਖੀ। ਫਿਰ ਉਹ ਕੀ ਕਰੇਗੀ?

ਉੱਤਰ :-ਉਹ ਆਪਣੀ ਸਭ ਤੋਂ ਪਿਆਰੀ ਮਾਂ ਦਾ ਦਿਲ ਲਿਆ ਦੇਵੇਗਾ ਤਾਂ ਉਹ ਉਸ ਦੇ ਨਾਲ ਲਾਵਾਂ ਲੈ ਲਵੇਗੀ।

(ਅ) ਭੈਣ ਕਹਾਂ ਤਾਂ ਦਸਣਾ ਪੈਂਦਾ

ਆਪਣੀ ਨੀਅਤ ਦਾ ਸਿਰਨਾਵਾਂ।

ਸਭ ਜਗ ਹੋਇਆ ਮਰਦ ਜਨਾਨੀ

ਬਾਕੀ ਸਭ ਛਾਵਾਂ ਪਰਛਾਵਾਂ।

1. ਇਹ ਪੰਗਤੀਆਂ ਕਿਸ ਕਵੀ ਦੀਆਂ ਹਨ? ਕਵਿਤਾ ਦਾ ਸਿਰਲੇਖ ਵੀ ਦਸੋ। 2

ਉੱਤਰ :- ਇਹ ਪੰਗਤੀਆਂ ਹਰਿਭਜਨ ਸਿੰਘ ਦੀਆਂ ਹਨ। ਕਵਿਤਾ ਦਾ ਸਿਰਲੇਖ ਹੈ "ਕਿੱਥੇ ਗਈਆਂ ਭੈਣਾਂ"।

2. ਨੀਅਤ ਦਾ ਸਿਰਨਾਵਾਂ ਤੋਂ ਕੀ ਭਾਵ ਹੈ? 1

ਉੱਤਰ :- ਕਵਿ ਕਿਸੇ ਵੀ ਭੈਣ :- ਰੂਪੀ ਔਰਤ ਨੂੰ ਵੇਖ ਕੇ ਆਪਣੀ ਸਾਫ਼ ਨੀਅਤ ਦੀ ਪਛਾਣ ਕਰਾਉਣੀ ਚਾਹੁੰਦਾ ਹੈ।

3. ਕਾਵਿ ਕਿਹੜੇ ਸਮੇਂ ਨੂੰ ਯਾਦ ਕਰਦਾ ਹੈ? 1

ਉੱਤਰ :- ਕਾਵਿ ਪੁਰਾਣੇ ਸਮੇਂ ਨੂੰ ਯਾਦ ਕਰਦਾ ਹੈ। ਜਿਸ ਵਿੱਚ ਭੈਣ-ਭਰਾ ਦੇ ਪਵਿੱਤਰ ਰਿਸ਼ਤਿਆਂ ਦੀ ਪਛਾਣ ਨਹੀਂ ਕਰਾਉਣੀ ਪੈਂਦੀ ਸੀ।

(ੲ) ਭਾਗ ਹੋਆ ਗੁਰਿ ਸੰਤੁ ਮਿਲਾਇਆ॥

ਪ੍ਰਭੁ ਅਬਿਨਾਸੀ ਘਰਿ ਮਹਿ ਪਾਇਆ॥

ਸੇਵ ਕਰੀ ਪਲੁ ਚਸਾ ਨ ਵਿਛੜਾ

ਜਨ ਨਾਨਕ ਦਾਸ ਤੁਮਾਰੇ ਜੀਉ॥

**ਪ੍ਰਸ਼ਨ:-**

1. ਇਸ ਕਾਵਿ ਬੰਦ ਦੇ ਰਚਨਹਾਰ ਦਾ ਨਾਂ ਦੱਸੋ।
2. ਪ੍ਰਭੂ ਕਿੱਥੇ ਪਾਇਆ ਜਾ ਸਕਦਾ ਹੈ?
3. ਪ੍ਰਭੂ ਨੂੰ ਮਿਲਣ ਤੋਂ ਮਨ ਹੀ ਮਨ ਕੀ ਕਰਨ ਨੂੰ ਕਰਦਾ ਹੈ?
4. ਵੱਡੇ ਭਾਗ ਕਿਸਦੇ ਹਨ?

# ਅਦਰਸ਼ ਪ੍ਰਸ਼ਨ ਪੱਤਰ - (2)

## ਜਮਾਤ :- ਦਸਵੀਂ

## ਵਿਸ਼ਾ :- ਪੰਜਾਬੀ

**ਸਮਾਂ : 3 ਘੰਟੇ** **ਕੁੱਲ ਅੰਕ:100**

ਨੋਟ :- ਲਿਖਾਈ ਸ਼ੁੱਧ ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ। ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਭਾਗ - ੳ

### (1) (ੳ) ਹੇਠ ਲਿਖਿਆਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਹੱਲ ਕਰੋ:-

1. ਦੂਰ : (ਅਗੇਤਰ ਲਾਕੇ ਦੋ ਸ਼ਬਦ ਬਣਾਓ) 1

2. ਦੀਪ : (ਪਿਛੇਤਰ ਲਾ ਕੇ ਦੋ ਸ਼ਬਦ ਬਣਾਓ) 1

4. ਕਰਮ ਤੋਂ ਹੀਣ (ਸਮਾਸੀ ਸ਼ਬਦ ਬਣਾਓ) 1

(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕੇਵਲ ਨਾਂਵ ਸ਼ਬਦਾਂ ਦੀ ਪਦ-ਵੰਡ ਕਰੋ:

ਹਰਨਾਮ ਦੇ ਮਾਮਾ ਜੀ ਨੇ ਉਸ ਨੂੰ ਨਵਾਂ ਪੈਨੱ ਦਿੱਤਾ। 3

(ੲ) 1. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:-

ਬੇਹਤਰ, ਤੇ ਅਖਾਨਾਂ, ਮਾਲਿਕ, ਬੌਹਤ 2

2. ਹੇਠ ਲਿਖੇ ਵਾਕ ਨੂੰ ਸ਼ੋਧ ਕੇ ਲਿਖੋ:-

ਬਹੁਤ ਮਹਿੰਗਾ ਹੋ ਗਿਆ ਸੋਨਾ। 1

(ਸ) ਹੇਠ ਲਿਖੇ ਵਾਕਾਂ ਨੂੰ ਬਰੈਕਟਾਂ ਵਿੱਚ ਦਿੱਤਿਆਂ ਹਦਾਇਤਾਂ ਅਨੁਸਾਰ ਬਦਲੋ:- 3

1. ਆਪਣਾ ਹਾਲ ਦੱਸੋ। (ਪ੍ਰਸ਼ਨ ਵਾਚਕ ਵਾਕ ਬਣਾਓ)
2. ਹਾਏ! ਤੇਰੀ ਲੱਤ ਟੁੱਟ ਗਈ। (ਸਧਾਰਣ ਵਾਕ ਬਣਾਉ)
3. ਮੇਰੇ ਨਾਲ ਇਨਸਾਫ ਕੀਤਾ ਜਾਵੇ। (ਕਰਤਰੀ ਵਾਚ ਵਿੱਚ ਬਦਲੋ)

(ਹ) ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ:- 3

ਅੱਛਾ ਤਾਂ ਤੇਰੇ ਮਾਤਾ ਜੀ ਵੀ ਐਮ.ਏ. ਹਨ।

(2) (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨਾਂ ਨੂੰ ਇਸ ਪ੍ਰਕਾਰ ਵਾਕਾਂ ਵਿੱਚ ਵਰਤੋ ਕਿ ਉਨ੍ਹਾਂ ਦੇ ਅਰਥ ਸਪਸ਼ਟ ਹੋ ਜਾਣ। 3

ਇੱਟ ਕੁੱਤੇ ਦਾ ਵੈਰ, ਥੁੱਕ ਕੇ ਚੱਟਣਾ, ਨੱਕ ਵਿੱਚ ਦਮ ਕਰਨਾ, ਚਾਅ ਚੜ੍ਹਨਾ, ਕੱਖ ਨਾ ਰਹਿਣਾ।

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਉੱਤੇ ਵਰਤੇ ਜਾਂਦੇ ਹਨ :- 2

1. ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ
2. ਸਸਤਾ ਰੋਵੇ ਵਾਰ ਵਾਰ ਮਹਿੰਗਾ ਰੋਵੇ ਇੱਕ ਵਾਰ

**(3) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 300 ਸ਼ਬਦਾਂ ਦੇ ਲੇਖ ਲਿਖੋ:- 12**

1. ਤੁਸੀਂ ਆਪਣੇ ਸਕੂਲ ਵਿੱਚ 15 ਅਗੱਸਤ ਕਿਵੇਂ ਮਨਾਈ
2. ਮੋਬਾਇਲ ਦੇ ਲਾਭ ਤੇ ਹਾਨੀਆਂ
3. ਸਮੇਂ ਦਾ ਸਦਉਪਯੋਗ
4. ਦੇਸ ਪਿਆਰ
5. ਮਿਹਨਤ ਸਫਲਤਾ ਦੀ ਕੁੰਜੀ ਹੈ

**(4) ਤੁਹਾਡਾ ਪੰਜਾਬੀ ਦਾ ਪਰਚਾ ਬੜਾ ਹੀ ਔਖਾ ਤੇ ਦੱਸੇ ਸਿਲੇਬਸ ਤੋਂ ਬਾਹਰੋ ਆਇਆ ਹੈ। ਇਸ ਦੀ ਸ਼ਿਕਾਇਤ ਬੋਰਡ ਦੇ ਸਕੱਤਰ ਨੂੰ ਕਰੋ।** 8

**(5) ਹੇਠ ਲਿਖੇ ਪੈਰ੍ਹੇ ਦੀ ਇੱਕ-ਤਿਹਾਈ ਵਿੱਚ ਸੰਖੇਪ-ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ।**

ਘਰ ਇੱਟਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ, ਜਿੱਥੇ ਬਾਲਪਨ ਵਿੱਚ ਮਾਂ, ਭੈਣ ਅਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ ਲਤਾੜ ਕੇ, ਖੋਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ। ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿੱਚ ਇਉ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਂਦਾ ਸੀ। ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਖਿਆਲਾਂ ਦਾ ਕੇਂਦਰ ਹੁੰਦਾ ਹੈ। ਮਨੁੱਖ ਦਾ ਆਚਰਣ ਬਣਾਉਣ ਵਿੱਚ ਜਿੱਥੇ ਸਮਾਜਿਕ ਅਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉੱਥੇ ਘਰ ਦੀ ਚਾਰ ਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿੱਚ ਹੈ। ਇਹ ਉਸ ਦੀਆਂ ਰੁੱਚੀਆਂ ਅਤੇ ਸੁਭਾਉ ਦਾ ਸਾਂਚਾ ਹੈ। 10

# ਭਾਗ - ਅ

**(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਉੱਤੇ ਇੱਕ-ਇੱਕ ਵਾਕ ਵਿੱਚ ਦਿਉ:- 8**

1. ਦੁਸ਼ਮਣ ਇਕਾਂਗੀ ਵਿੱਚ ਲੀਲਾ ਕੌਣ ਹੈ?
2. ਟੁੱਟੀ ਭੱਜੀ ਨੌਕਰੀ ਨਾਂ ਦਾ ਲੇਖ ਕਿਸ ਘਟਨਾ ਨਾਲ ਸੰਬੰਧਤ ਹੈ?
3. ਕਾਂ ਵਿੱਚ ਕੀ ਔਗੁਣ ਹੈ?

4. ਜੀਤੀ ਨੂੰ ਮੁੜ-ਮੁੜ ਕੇ ਕੀ ਯਾਦ ਆਉਂਦਾ ਸੀ?

5. ਜੇ ਤੁਹਾਡੇ ਕੋਲ ਵਾਧੂ ਪੈਸੇ ਹੋਣਗੇ ਤਾਂ ਤੁਸੀ ਕੀ ਕਰੋਗੇ?

6. ਗੁਰੂ ਤੇਗ ਬਹਾਦਰ ਜੀ ਦਾ ਜਨਮ ਕਿੱਥੇ ਹੋਇਆ?

7. ਪ੍ਰੋ. ਪੂਰਨ ਸਿੰਘ ਅਨੁਸਾਰ ਪੰਜਾਬ ਕਿਸ ਦੇ ਨਾਂ ਤੇ ਜੀਉਂਦਾ ਹੈ?

8. ਕਸਤੂਰੀ ਵਾਲਾ ਮਿਰਗ ਕਹਾਣੀ ਦਾ ਲੇਖਕ ਕੌਣ ਹੈ?

**(7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਲਿਖੋ:-** **18**

1. ਗੁਰਮਤਿ-ਕਾਵਿ ਅਤੇ ਸੂਫੀ ਕਾਵਿ ਵਿੱਚ ਕੀ ਅੰਤਰ ਹੈ?

2. ਕਨੇਡਾ ਵਾਲਿਆ ਨੇ ਪੰਜਾਬੀਆਂ ਦੇ ਉੱਥੇ ਪੁੱਜਣ ਦਾ ਵਿਰੋਧ ਕਿਉਂ ਕੀਤਾ?

3. ਮੈਂ ਪਾਤਰ ਨੇ ਜੀਵਨ ਵਿੱਚ ਕੀ ਤਰੱਕੀ ਕੀਤੀ?

4. ਗਾਂਧੀ ਜੀ ਨੇ ਡਾ.ਰਾਧਾ ਕ੍ਰਿਸ਼ਨਨ ਨੂੰ ਕਿਵੇਂ ਸਨਮਾਨਤ ਕੀਤਾ?

5. ਧਰਮ ਬਾਰੇ ਟਾਲਸਟਾਏ ਦੇ ਵਿਚਾਰ ਲਿਖੋ।

6. ਪ੍ਰਿੰ. ਤੇਜਾ ਸਿੰਘ ਸਮਾਜਕ ਨਾ ਬਰਾਬਰੀ ਨੂੰ ਖਤਮ ਕਰਨ ਲਈ ਕੀ ਜਤਨ ਕੀਤੇ?

7. ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਅਦੁੱਤੀ ਕਿਉਂ ਕਿਹਾ ਜਾਂਦਾ ਹੈ?

8. ਕੁੱਝ ਢਾਬਿਆਂ ਜਾਂ ਦੁਕਾਨਾਂ ਵਾਲੇ ਮੁਖਤਿਆਰ ਸਿੰਘ ਨੂੰ ਚੰਗਾ ਕਿਉਂ ਨਹੀਂ ਸਨ ਸਮਝਦੇ?

9. ਅਰਦਾਸ ਅਤੇ ਪ੍ਰਾਰਥਨਾ ਦੀ ਮਹੱਤਤਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

**(8) ਹੇਠ ਲਿਖੀ ਸਤਰ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਉ:-**

"ਸਹੁਰੇ! ਵੈਸ਼ਨੋ ਢਾਬੇ ਦਾ ਫੱਟਾ ਲਾ ਕੇ ਸਾਡੇ ਵਰਗੇ ਕਸਾਈਆਂ ਤੋਂ ਬਚਣ ਦੀ ਕੋਸ਼ਿਸ ਕਰਦੇ ਐ।" 4

1. ਕਹਾਣੀ ਅਤੇ ਕਹਾਣੀਕਾਰ ਦਾ ਨਾਂ ਲਿਖੋ।

2. 'ਸਹੁਰੇ' ਅਤੇ 'ਕਸਾਈਆਂ' ਸ਼ਬਦ ਕਿੰਨ੍ਹਾਂ ਲਈ ਵਰਤੇ ਗਏ ਹਨ?

3. ਇਹ ਗੱਲ ਕਿਸ ਨੇ ਕਹੀ?

4. ਇਸ ਉਪਰੋਕਤ ਸਤਰ ਦਾ ਭਾਵ ਕੀ ਹੈ?

**(9) 'ਪ੍ਰਾਰਥਨਾ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਦਿਓ।** **5**

**(10) 'ਕੋਊ ਨਾ ਨਿਬਹਿਓ ਸਾਥ' ਦਾ ਕੀ ਭਾਵ ਹੈ? ਇਸ ਇਕਾਂਗੀ ਤੋਂ ਤੁਹਾਨੂੰ ਸਾਡੇ ਸਮਾਜਕ ਵਰਤਾਰੇ ਬਾਰੇ ਕੀ ਪਤਾ ਲੱਗਦਾ ਹੈ?** 5

**(11) ਹੇਠ ਲਿਖੇ ਕਾਵਿ-ਬੰਦਾਂ ਦੇ ਆਧਾਰ ਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-** 10

(ੳ) ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ<br>
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ<br>
ਕੁਣ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ

ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

1. ਕਵੀ ਅਤੇ ਕਵਿਤਾ ਦਾ ਨਾਂ ਲਿਖੋ?
2. ਲੋਕ ਵਿਦੇਸ਼ਾਂ ਵਿੱਚ ਕਿਉਂ ਜਾਂਦੇ ਹਨ?
3. ਬਦੇਸਾਂ ਤੋਂ ਵਾਪਸ ਜਦੋਂ ਉਹ ਪਰਤਣਗੇ ਤਾਂ ਕੀ ਦੇਖਣਗੇ?
4. ਕਬਰਾਂ ਦੇ ਰੁੱਖ ਹੇਠ ਬੈਠ ਕੇ ਉਹ ਕੀ ਕਰਨਗੇ?

(ਅ) ਤੇਰਾ ਮੁਖ ਸੁਹਾਵਾ ਜੀਉ ਸਹਿਜ ਧੁਨਿ ਬਾਣੀ॥
ਚਿਰ ਹੋਆ ਦੇਖੇ ਸਾਰਿੰਗ ਪਾਣੀ॥
ਧੰਨ ਸੁ ਦੇਸ ਜਹਾਂ ਤੂ ਵਸਿਆ ਮੇਰੇ ਸੱਜਣ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲ ਘੁਮਾਈ ਗੁਰ
ਸਜਣ ਮੀਤ ਮੁਰਾਰੇ ਜੀਉ॥

1. ਇਹ ਕਿਸ ਗੁਰੂ ਸਹਿਬਾਨ ਦੀ ਰਚਨਾ ਹੈ?
2. ਕਿਹੜਾ ਦੇਸ ਧੰਨ ਹੈ?
3. 'ਸਹਿਜ ਧੁਨਿ ਬਾਣੀ' ਅਤੇ 'ਘੋਲ ਘੁਮਾਈ' ਅਰਥ ਲਿਖੋ।
4. ਗੁਰੂ ਜੀ ਦੀ ਵਿਛੋੜੇ ਵਿੱਚ ਕਿਹੋ-ਜਿਹੀ ਹਾਲਤ ਹੈ?